# Sikh History Questions

੧. ਸਿੱਖਾਂ ਦੇ ਪਹਿਲੇ ਗੁਰੂ ਕੌਣ ਸਨ? ਸਿੱਖ ਧਰਮ ਕਿਸਨੇ ਸ਼ੁਰੂ ਕੀਤਾ ?

ਗੁਰੂ ਨਾਨਕ ਦੇਵ ਜੀ

੨. ਸਿੱਖਾਂ ਦੇ ਮੌਜੂਦਾ ਗੁਰੂ ਕੌਣ ਹਨ?

ਗੁਰੂ ਗ੍ਰੰਥ ਸਾਹਿਬ ਜੀ

੩. ਖਾਲਸੇ ਦਾ ਪਿਤਾ ਕੌਣ ਹੈ?

ਗੁਰੂ ਗੋਬਿੰਦ ਸਿੰਘ ਜੀ

੪. ਖਾਲਸੇ ਦੀ ਮਾਤਾ ਕੌਣ ਹੈ?

ਮਾਤਾ ਸਾਹਿਬ ਕੌਰ ਜੀ

੫. ਖਾਲਸੇ ਦੀ ਜਨਮ ਭੂਮੀ ਕਿੱਥੇ ਹੈ?

ਸ੍ਰੀ ਅਨੰਦਪੁਰ ਸਾਹਿਬ

੬. ਸ਼ਾਹਿਬਜਾਦੇ ਕੌਣ ਸਨ?

ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰ

੭. ਸਾਹਿਬਜਾਦਿਆਂ ਦੇ ਨਾਂ ਦੱਸੋ?

ਬਾਬਾ ਅਜੀਤ ਸਿੰਘ ਜੀ

ਬਾਬਾ ਜੁਝਾਰ ਸਿੰਘ ਜੀ

ਬਾਬਾ ਜ਼ੋਰਾਵਰ ਸਿੰਘ ਜੀ

ਬਾਬਾ ਫਤਹਿ ਸਿੰਘ ਜੀ

੮. ਦਸਾਂ ਗੁਰੂਆਂ ਦੇ ਨਾਂ ਦੱਸੋ।

ਗੁਰੂ ਨਾਨਕ ਦੇਵ ਜੀ


© Sikh Society of Michigan, MI, USA

ਗੁਰੂ ਅੰਗਦ ਦੇਵ ਜੀ

ਗੁਰੂ ਅਮਰ ਦਾਸ ਜੀ

ਗੁਰੂ ਰਾਮਦਾਸ ਜੀ

ਗੁਰੂ ਅਰਜਨ ਦੇਵ ਜੀ

ਗੁਰੂ ਹਰਿਗੋਬਿੰਦ ਜੀ

ਗੁਰੂ ਹਰਿ ਰਾਏ ਜੀ

ਗੁਰੂ ਹਰਿ ਕ੍ਰਿਸ਼ਨ ਜੀ

ਗੁਰੂ ਤੇਗ ਬਹਾਦਰ ਜੀ

ਗੁਰੂ ਗੋਬਿੰਦ ਸਿੰਘ ਜੀ

੯. ਪੰਜਾਂ ਪਿਆਰਿਆਂ ਦੇ ਨਾਂ ਦੱਸੋ।

ਭਾਈ ਦਇਆ ਸਿੰਘ ਜੀ।

ਭਾਈ ਧਰਮ ਸਿੰਘ ਜੀ।

ਭਾਈ ਹਿੰਮਤ ਸਿੰਘ ਜੀ।

ਭਾਈ ਮੋਹਕਮ ਸਿੰਘ ਜੀ।

ਭਾਈ ਸਾਹਿਬ ਸਿੰਘ ਜੀ।

੧੦. ਖਾਲਸਾ ਪੰਥ ਦੀ ਸਾਜਨਾ ਕਦੋਂ ਅਤੇ ਕਿੱਥੇ ਹੋਈ?

੩੦ ਮਾਰਚ ੧੬੯੯ ਵੈਸਾਖੀ ਵਾਲੇ ਦਿਨ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਵਿਖੇ

੧੧. ਖਾਲਸਾ ਪੰਥ ਦੀ ਸਾਜਨਾ ਕਿਸਨੇ ਕੀਤੀ?

ਗੁਰੂ ਗੋਬਿੰਦ ਸਿੰਘ ਜੀ ਨੇ

੧੨. ਸਿੱਖ ਸ਼ਬਦ ਦਾ ਕੀ ਅਰਥ ਹੈ?

ਚੇਲਾ, ਵਿਦਿਆਰਥੀ, ਮੁਰੀਦ


© Sikh Society of Michigan, MI, USA

੧੩. ਸਿੰਘ ਸ਼ਬਦ ਦਾ ਕੀ ਅਰਥ ਹੈ?

ਸ਼ੇਰ

੧੪. ਕੌਰ ਸ਼ਬਦ ਦਾ ਕੀ ਅਰਥ ਹੈ?

ਸ਼ਹਿਜ਼ਾਦੀ, ਰਾਜਕੁਮਾਰੀ

੧੫. ਖਾਲਸੇ ਦਾ ਜੈਕਾਰਾ ਕੀ ਹੈ?

ਜੋ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ।

੧੬. ਖਾਲਸੇ ਕੋਲ ਕਿਹੜੇ ਪੰਜ ਕਕਾਰਾਂ ਦਾ ਹੋਣਾ ਜਰੂਰੀ ਹੈ?

ਕੇਸ, ਕੰਘਾ, ਕੜਾ, ਕਛਹਿਰਾ, ਕਿਰਪਾਨ।

੧੭. ਉਹਨਾਂ ਸਾਹਿਬਜ਼ਾਦਿਆਂ ਦੇ ਨਾਂ ਦੱਸੋ ਜਿੰਨਾਂ ਨੂੰ ਜਿਉਂਦੇ ਨੀਹਾਂ ਵਿੱਚ ਚਿਣ ਦਿੱਤਾ ਗਿਆ।

ਬਾਬਾ ਜ਼ੋਰਾਵਰ ਸਿੰਘ ਜੀ

ਬਾਬਾ ਫਤਹਿ ਸਿੰਘ ਜੀ

੧੮. ਉਸ ਸ਼ਹਿਰ ਦਾ ਅਤੇ ਉਸ ਮੁਸਲਮਾਨ ਦਾ ਨਾਂ ਦੱਸੋ ਜਿਸਨੇ ਸਾਹਿਬਜ਼ਾਦਿਆਂ ਨੂੰ ਨੀਂਹਾਂ ਵਿੱਚ ਚਿਣਨ ਦਾ ਹੁਕਮ ਦਿੱਤਾ

ਸਰਹਿੰਦ ਸ਼ਹਿਰ ਵਿੱਚ ਸੂਬਾ ਸਰਹਿੰਦ ਵਜ਼ੀਰ ਖਾਨ ਨੇ

੧੯. ਉਹਨਾਂ ਸਾਹਿਬਜ਼ਾਦਿਆਂ ਦੇ ਨਾਂ ਦੱਸੋ ਜਿੰਨ੍ਹਾਂ ਨੇ ਚਮਕੌਰ ਦੀ ਜੰਗ ਵਿੱਚ ਸ਼ਹੀਦੀ ਪ੍ਰਾਪਤ ਕੀਤੀ।

ਬਾਬਾ ਅਜੀਤ ਸਿੰਘ ਜੀ

ਬਾਬਾ ਜੁਝਾਰ ਸਿੰਘ ਜੀ

੨੦. ਖਾਲਸਾ ਦੂਸਰੇ ਖਾਲਸੇ ਨੂੰ ਮਿਲਣ ਲੱਗਿਆਂ ਕੀ ਸੰਬੋਧਨ ਕਰਦਾ ਹੈ?

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।

੨੧. ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਕਿਉਂ ਸਾਜਿਆ?

ਖਾਲਸੇ ਦੀ ਵੱਖਰੀ ਪਹਿਚਾਣ ਬਣਾਉਣ ਵਾਸਤੇ।


© Sikh Society of Michigan, MI, USA

੨੨. ਪੰਥਕ ਰਹਿਤ ਮਰਿਆਦਾ ਕਦੋਂ ਹੋਂਦ ਵਿੱਚ ਆਈ?

੧੯੩੬।

੨੩. ਪੰਥਕ ਰਹਿਤ ਮਰਿਆਦਾ ਨੂੰ ਛਪਾਉਣ ਦਾ ਕੰਮ ਕਿਸ ਸੰਸਥਾ ਨੇ ਕੀਤਾ?

ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ।

੨੪. ਪੰਥਕ ਰਹਿਤ ਮਰਿਆਦਾ ਨੂੰ ਲਾਗੂ ਕਰਾਉਣ ਦਾ ਅਧਿਕਾਰ ਕਿਸ ਸੰਸਥਾ ਨੂੰ ਹੈ?

ਅਕਾਲ ਤਖਤ ਨੂੰ।

੨੫. ਪੰਥਕ ਰਹਿਤ ਮਰਿਆਦਾ ਮੁਤਾਬਕ ਨਿਤਨੇਮ ਦੀਆਂ ਕਿਹੜੀਆਂ ਬਾਣੀਆਂ ਹਨ?

ਸ਼ਵੇਰੇ – ਜਪੁਜੀ ਸਾਹਿਬ, ਜਾਪ ਸਾਹਿਬ, ਸਵੱਈਏ।

ਸ਼ਾਮ – ਰਹਿਰਾਸ (ਸੋ ਦਰੁ, ਚੌਪਈ, ੬ ਪਉੜੀਆਂ ਅਨੰਦ ਸਾਹਿਬ)।

ਸੌਣ ਵੇਲੇ – ਸੋਹਿਲਾ।

੨੬. ਨਿਤਨੇਮ ਦੀਆਂ ਕਿਹੜੀਆਂ ਬਾਣੀਆਂ ਹਨ ਜੋ ਦਸਮ ਗ੍ਰੰਥ ਵਿੱਚ ਦਰਜ ਹਨ?

ਜਾਪ ਸਾਹਿਬ, ਸਵੱਈਏ, ਚੌਪਈ।

੨੭. ਖਾਲਸੇ ਲਈ ਚਾਰ ਕੁਰਹਿਤਾਂ ਕਿਹੜੀਆਂ ਹਨ?

ਕੇਸਾਂ ਦੀ ਬੇਅਦਬੀ।

ਕੁੱਠਾ ਮੀਟ ਖਾਣਾ।

ਪਰਾਏ ਮਰਦ ਜਾਂ ਇਸਤਰੀ ਦਾ ਸੰਗ ਕਰਨਾ।

ਤੰਬਾਕੂ ਜਾਂ ਨਸ਼ਾ ਕਰਨਾ।

੨੮. ਪੰਜਾਂ ਤਖਤਾਂ ਦੇ ਨਾਂ ਲਿਖੋ।

ਸ੍ਰੀ ਹਰਿਮੰਦਰ ਸਾਹਿਬ, ਪਟਨਾ-ਬਿਹਾਰ

ਸ੍ਰੀ ਅਕਾਲ ਤਖਤ ਸਾਹਿਬ, ਅਮ੍ਰਿਤਸਰ-ਪੰਜਾਬ

ਸ੍ਰੀ ਕੇਸਗੜ੍ਹ ਸਾਹਿਬ, ਅਨੰਦਪੁਰ-ਪੰਜਾਬ


© Sikh Society of Michigan, MI, USA

ਸ੍ਰੀ ਹਜ਼ੂਰ ਸਾਹਿਬ, ਨੰਦੇੜ-ਮਹਾਂਰਾਸ਼ਟਰ

ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਹਬੋ(ਬਠਿੰਡਾ)-ਪੰਜਾਬ

੨੯. ਗੁਰਮੁਖੀ ਲਿੱਪੀ ਕਿਸਨੇ ਪ੍ਰਚੱਲਿਤ ਕੀਤੀ?

ਗੁਰੂ ਅੰਗਦ ਦੇਵ ਜੀ ਨੇ।

੩੦. ਅਕਾਲ ਤਖਤ ਦੇ ਪਹਿਲੇ ਜਥੇਦਾਰ ਕੌਣ ਸਨ?

ਭਾਈ ਗੁਰਦਾਸ ਜੀ।

੩੧. ਆਦਿ ਗ੍ਰੰਥ ਦੀ ਲਿਖਾਈ ਕਿਸਨੇ ਕੀਤੀ?

ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਤੋਂ ਲਿਖਾਈ ਕਰਾਈ।

੩੨. ਆਦਿ ਗ੍ਰੰਥ ਨੂੰ ਕੀ ਕਹਿ ਕੇ ਸੱਦਿਆ ਜਾਂਦਾ ਸੀ?

ਪੋਥੀ ਸਾਹਿਬ ਜੀ।

੩੩. ਆਦਿ ਗ੍ਰੰਥ ਦੀ ਸੰਪਾਦਨਾ ਕਦੋਂ ਅਤੇ ਕਿੱਥੇ ਹੋਈ?

੧੬੦੪ ਈਸਵੀ ਵਿੱਚ ਅੰਮ੍ਰਿਤਸਰ ਵਿਖੇ।

੩੪. ਦਰਬਾਰ ਸਾਹਿਬ ਅੰਮ੍ਰਿਤਸਰ ਵਿੱਚ ਸਭ ਤੋਂ ਪਹਿਲੇ ਗ੍ਰੰਥੀ ਕਿਹੜੇ ਸਨ?

ਬਾਬਾ ਬੁੱਢਾ ਜੀ।

੩੫. ਆਦਿ ਗ੍ਰੰਥ ਵਿੱਚ ਕਿੰਨੇ ਗੁਰੂਆਂ ਦੀ ਬਾਣੀ ਸੀ?

੫ ਗੁਰੂਆਂ ਦੀ ਬਾਣੀ ਦੇ ਨਾਲ ੧੩ ਭੱਟਾਂ ਭਗਤਾਂ ਅਤੇ ੪ ਗੁਰਸਿੱਖਾਂ ਦੀ ਬਾਣੀ ਵੀ ਦਰਜ਼ ਹੈ।

੩੬. ਗੁਰੂ ਗ੍ਰੰਥ ਸਾਹਿਬ ਵਿੱਚ ਕਿੰਨੇ ਗੁਰੂਆਂ ਦੀ ਬਾਣੀ ਹੈ?

੬ ਗੁਰੂਆਂ ਦੀ (ਪਹਿਲੇ ਪੰਜ ਅਤੇ ਨੌਂਵੇਂ ਗੁਰੂ ਦੀ)।

੩੭. ਗੁਰੂ ਗ੍ਰੰਥ ਸਾਹਿਬ ਦੀ ਲਿਖਾਈ ਕਿਸਨੇ ਕੀਤੀ?

ਗੁਰੂ ਗ੍ਰੰਥ ਸਾਹਿਬ ਦੀ ਲਿਖਾਈ ਭਾਈ ਮਨੀ ਸਿੰਘ ਕੋਲੋਂ ਗੁਰੂ ਗੋਬਿੰਦ ਸਿੰਘ ਜੀ ਨੇ ਕਰਾਈ।

੩੮. ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਕਿਹੜੀ ਬਾਣੀ ਸ਼ਾਮਲ ਕੀਤੀ?


© Sikh Society of Michigan, MI, USA

ਨੌਵੀਂ ਪਾਤਸ਼ਾਹੀ ਗੁਰੂ ਤੇਗ ਬਹਾਦਰ ਜੀ ਦੀ।

੩੯. ਗੁਰੂ ਗ੍ਰੰਥ ਸਾਹਿਬ ਦੀ ਲਿਖਾਈ ਦਾ ਕੰਮ ਕਿੱਥੇ ਹੋਇਆ?

ਤਲਵੰਡੀ ਸਾਹਬੋ ਬਠਿੰਡੇ ਵਿੱਚ।

੪੦. ਗੁਰੂ ਗ੍ਰੰਥ ਸਾਹਿਬ ਦੇ ਕਿੰਨੇ ਪੰਨੇ ਹਨ?

੧੪੩੦।

੪੧. ਗੁਰੂ ਗ੍ਰੰਥ ਸਾਹਿਬ ਵਿੱਚ ਕਿੰਨੇ ਰਾਗ ਹਨ?

੩੧।

੪੨. ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਕਦੋਂ ਅਤੇ ਕਿੱਥੇ ਮਿਲੀ?

ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ੩ ਅਕਤੂਬਰ ੧੭੦੮ ਨੂੰ ਨੰਦੇੜ ਵਿਖੇ ਗੁਰੂ ਗੋਬਿੰਦ ਸਿੰਘ ਜੀ ਵਲੋਂ ਦਿੱਤੀ ਗਈ।

੪੩. ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਸਰਬ ਸਾਂਝੀ ਬਾਣੀ ਕਿਉਂ ਕਿਹਾ ਜਾਂਦਾ ਹੈ?

ਕਿਉਂਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵੱਖ ਵੱਖ ਧਰਮਾਂ ਨਾਲ ਸੰਬੰਧਤ ਭਗਤਾਂ ਅਤੇ ਪੀਰਾਂ ਫਕੀਰਾਂ ਦੁਆਰਾ ਲਿਖੀ ਗਈ ਹੈ।ਜਿਸਨੂੰ ਗੁਰੂਆਂ ਦੀ ਬਾਣੀ ਦੇ ਬਰਾਬਰ ਦਾ ਸਤਿਕਾਰ ਦਿੱਤਾ ਜਾਂਦਾ ਹੈ।ਇਹ ਕਿਸੇ ਇਕ ਵਰਗ ਤੱਕ ਹੀ ਸੀਮਤ ਨਹੀਂ।

੪੪. ਗੁਰੂ ਗ੍ਰੰਥ ਸਾਹਿਬ ਦੀ ਅਸਲ ਹੱਥਲਿਖਤ ਬੀੜ ਕਿੱਥੇ ਹੈ?

ਕਰਤਾਰਪੁਰ ਵਿੱਚ।

੪੫. ਸਿੱਖਾਂ ਦੇ ਪਿਤਾ ਕੌਣ ਹਨ?

ਗੁਰੂ ਨਾਨਕ ਦੇਵ ਜੀ।

੪੬. ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਕਿੱਥੇ ਅਤੇ ਕਦੋਂ ਹੋਇਆ?

ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ੧੫ ਅਪ੍ਰੈਲ ੧੪੬੯ ਨੂੰ ਰਾਇ ਭੋਇ ਦੀ ਤਲਵੰਡੀ ਵਿਖੇ ਹੋਇਆ।

੪੭. ਰਾਇ ਭੋਇ ਦੀ ਤਲਵੰਡੀ ਨੂੰ ਅੱਜ ਕਲ੍ਹ ਕੀ ਕਹਿੰਦੇ ਹਨ ਅਤੇ ਇਹ ਕਿੱਥੇ ਸਥਿੱਤ ਹੈ।

ਰਾਇ ਭੋਇ ਦੀ ਤਲਵੰਡੀ ਨੂੰ ਅੱਜ ਕਲ੍ਹ ਨਨਕਾਣਾ ਸਾਹਿਬ ਕਹਿੰਦੇ ਹਨ ਅਤੇ ਇਹ ਪਾਕਿਸਤਾਨ ਵਿੱਚ ਸਥਿੱਤ ਹੈ।


© Sikh Society of Michigan, MI, USA

੪੮.	ਗੁਰੂ ਨਾਨਕ ਦੇਵ ਜੀ ਦੇ ਮਾਤਾ ਪਿਤਾ ਦਾ ਕੀ ਨਾਂ ਸੀ?

ਗੁਰੂ ਨਾਨਕ ਦੇਵ ਜੀ ਦੇ ਮਾਤਾ ਤ੍ਰਿਪਤਾ ਅਤੇ ਪਿਤਾ ਮਹਿਤਾ ਕਾਲੂ ਸਨ।

੪੯.	ਗੁਰੂ ਨਾਨਕ ਦੇਵ ਜੀ ਦੇ ਕਿੰਨੇ ਭੈਣ ਭਰਾ ਸਨ?

ਗੁਰੂ ਨਾਨਕ ਦੇਵ ਜੀ ਦੀ ਸਿਰਫ ਇਕੋ ਭੈਣ ਸੀ ਜਿਸਨੂੰ ਬੀਬੀ ਨਾਨਕੀ ਕਹਿੰਦੇ ਸਨ।

੫੦.	ਗੁਰੂ ਨਾਨਕ ਦੇਵ ਜੀ ਦੀ ਸੁਪਤਨੀ ਦਾ ਕੀ ਨਾਂ ਸੀ?

ਮਾਤਾ ਸੁਲੱਖਨੀ ਜੀ।

੫੧.	ਗੁਰੂ ਨਾਨਕ ਦੇਵ ਜੀ ਦੇ ਸਪੁੱਤਰਾਂ ਦਾ ਕੀ ਨਾਂ ਸੀ?

ਬਾਬਾ ਸ੍ਰੀ ਚੰਦ ਜੀ

ਬਾਬਾ ਲਖਮੀ ਦਾਸ ਜੀ।

੫੨.	ਉਸ ਮੁਸਲਮਾਨ ਸਖਸ਼ ਦਾ ਨਾਂ ਦੱਸੋ ਜੋ ਗੁਰੂ ਨਾਨਕ ਦੇਵ ਜੀ ਦੇ ਨਾਲ ਸਾਰੀ ਉਮਰ ਰਿਹਾ ਅਤੇ ਕੀਰਤਨ ਦੀ ਸੇਵਾ ਨਿਭਾਉਦਾ ਰਿਹਾ?

ਭਾਈ ਮਰਦਾਨਾ ਜੀ।

੫੩.	ਗੁਰੂ ਨਾਨਕ ਦੇਵ ਜੀ ਦੀਆਂ ਚਾਰ ਮਹਾਨ ਯਾਤਰਾਵਾਂ ਨੂੰ ਕੀ ਕਿਹਾ ਜਾਂਦਾ ਹੈ?

ਉਦਾਸੀਆਂ ।

੫੪.	ਗੁਰੂ ਨਾਨਕ ਦੇਵ ਜੀ ਨੇ ਚਾਰੇ ਯਾਤਰਾਵਾਂ ਦੌਰਾਨ ਕਿਹੜੇ ਕਿਹੜੇ ਥਾਂਵਾਂ ਅਤੇ ਗਏ ਅਤੇ ਉਦੋਂ ਕਿਹੜੇ ਕਿਹੜੇ ਤਿਉਹਾਰ ਸਨ?

ਕਾਬਾ ਸ਼ਹਿਰ ਜਿਸਨੂੰ ਹੁਣ ਮੱਕਾ ਕਹਿੰਦੇ ਹਨ, ਹੱਜ ਕਰਨ ਦੇ ਸਮੇਂ ਗਏ । ਮੱਥਰਾ, ਬਨਾਰਸ ਅਤੇ ਸੁਮੇਰ ਪ੍ਰਬਤ ਵੀ ਗਏ।

੫੫.	ਸੱਭ ਤੋਂ ਪਹਿਲਾ ਗੁਰਦੁਆਰਾ ਜਾਂ ਧਰਮਸ਼ਾਲਾ ਕਿੱਥੇ ਅਤੇ ਕਦੋਂ ਸ਼ੁਰੂ ਕੀਤਾ?

ਸੰਨ ੧੫੨੧ ਵਿੱਚ ਕਰਤਾਰਪੁਰ ਵਿੱਖੇ ਗੁਰਦੁਆਰਾ ਬਣਾਇਆ ਜਿਸਨੂੰ ਧਰਮਸ਼ਾਲਾ ਕਿਹਾ ਜਾਂਦਾ ਸੀ ।

੫੬.	ਗੁਰੂ ਨਾਨਕ ਦੇਵ ਜੀ ਨੇ ਆਪਣਾ ਪਹਿਲਾ ਪ੍ਰਚਾਰ ਕੇਂਦਰ ਕਿਹੜਾ ਬਣਾਇਆ?


© Sikh Society of Michigan, MI, USA

ਗੁਰੂ ਨਾਨਕ ਦੇਵ ਜੀ ਨੇ ਸਿੱਖੀ ਦਾ ਪਹਿਲਾ ਪ੍ਰਚਾਰ ਕੇਂਦਰ (ਮੰਜੀ) ਭਾਈ ਲਾਲੋ ਦੇ ਘਰ ਨੂੰ ਬਣਾਇਆ ।

੫੭. ਭਾਈ ਲਾਲੋ ਕੌਣ ਸੀ ਅਤੇ ਕਿੱਥੇ ਦਾ ਰਹਿਣ ਵਾਲਾ ਸੀ?

ਭਾਈ ਲਾਲੋ ਤਰਖਾਣ ਸੀ ਜੋ ਸੈਦਪੁਰ ਦਾ ਰਹਿਣ ਵਾਲਾ ਸੀ। ਗੁਰੂ ਨਾਨਕ ਦੇਵ ਜੀ ਨੇ ਆਪਣੀ ਉਦਾਸੀ ਸਮੇਂ ਮਲਕ ਭਾਗੋ ਦੀ ਦਾਵਤ ਨਾ ਮਨਜੂਰ ਕਰ ਕੇ ਭਾਈ ਲਾਲੋ ਦੇ ਘਰ ਖਾਣਾ ਖਾਧਾ ਸੀ।

੫੮. ਗੁਰੂ ਨਾਨਕ ਦੇਵ ਜੀ ਜੋਗੀਆਂ ਨੂੰ ਮਿਲਣ ਕਿੱਥੇ ਗਏ ਸਨ?

ਗੋਰਖਮਤਾ, ਜਿਸ ਨੂੰ ਅੱਜ ਕੱਲ੍ਹ ਨਾਨਕਮਤਾ ਕਹਿੰਦੇ ਹਨ।

੫੯. ਗੁਰੂ ਨਾਨਕ ਦੇਵ ਜੀ ਨੇ ਇੱਥੇ ਜੋਗੀਆਂ ਨੂੰ ਕੀ ਸਮੱਤ ਬਖਸ਼ੀ?

ਗੁਰੂ ਨਾਨਕ ਦੇਵ ਜੀ ਨੇ ਜੋਗੀਆਂ ਨੂੰ ਆਪਣੇ ਪ੍ਰਵਾਰ ਤੋਂ ਬਾਹਰ ਆਕੇ ਜੰਗਲਾਂ ਵਿੱਚ ਰੱਬ ਲੱਭਣ ਨੂੰ ਨਕਾਰਿਆ।

੬੦. ਸਿੱਧਾਂ ਨੂੰ ਮਿਲਣ ਵਾਸਤੇ ਗੁਰੂ ਜੀ ਕਿੱਥੇ ਗਏ ਸਨ?

ਕੈਲਾਸ਼ ਪ੍ਰਬਤ, ਜਿਸ ਨੂੰ ਸੁਮੇਰ ਪ੍ਰਬਤ ਵੀ ਕਿਹਾ ਜਾਂਦਾ ਹੈ ।

੬੧. ਸਿੱਧਾਂ ਨਾਲ ਹੋਈ ਵਾਰਤਾਲਾਪ ਨੂੰ ਕਿਸ ਬਾਣੀ ਨਾਲ ਜਾਣਿਆ ਜਾਂਦਾ ਹੈ?

ਸਿੱਧ ਗੋਸ਼ਟਿ ।

੬੨. ਚਾਰ ਉਦਾਸੀਆਂ ਸਮੇਂ ਗੁਰੂ ਨਾਨਕ ਦੇਵ ਜੀ ਹੋਰ ਕਿਹੜੇ ਲੋਕਾਂ ਨੂੰ ਮਿਲੇ ਜਿੰਨਾਂ ਨੂੰ ਆਮ ਸਾਖੀਆਂ ਵਿੱਚ ਯਾਦ ਕੀਤਾ ਜਾਂਦਾ ਹੈ?

ਕੌਡਾ ਰਾਖਸ਼, ਸੱਜਣ ਠੱਗ, ਰਾਜਾ ਸ਼ਿਵਨਾਥ(ਸ੍ਰੀ ਲੰਕਾ ਦਾ ਰਾਜਾ) ਆਦਿਕ ਬਹੁਤ ਲੋਕਾਂ ਨੂੰ ਸੱਚ ਦਾ ਮਾਰਗ ਦਿਖਾਇਆ ਜਿਨ੍ਹਾਂ ਦੀਆਂ ਸਾਖੀਆਂ ਅੱਜ ਵੀ ਮਸ਼ਹੂਰ ਹਨ।

੬੩. ਉਸ ਸਮੇਂ ਭਾਰਤ ਵਿੱਚ ਕਿਸ ਦਾ ਰਾਜ ਸੀ?

ਭਾਰਤ ਵਿੱਚ ਮੁਗਲ ਸਮਰਾਜ ਦਾ ਪਹਿਲਾ ਮੋਢੀ ਗੁਰੂ ਨਾਨਕ ਦੇਵ ਜੀ ਦਾ ਸਮਕਾਲੀ ਸੀ। ਜਿਸ ਨੂੰ ਬਾਬਰ ਕਿਹਾ ਜਾਂਦਾ ਸੀ।

੬੪. ਜਦੋਂ ਬਾਬਰ ਨੇ ਪੰਜਾਬ ਦੇ ਲੋਕਾਂ ਤੇ ਜੁਲਮ ਢਾਹੇ ਤਾਂ ਗੁਰੂ ਨਾਨਕ ਦੇਵ ਜੀ ਨੇ ਉਸ ਸਮੇਂ ਨੂੰ ਕਲਮ ਬੰਦ ਕੀਤਾ ਉਸ ਬਾਣੀ ਦਾ ਨਾਮ ਦੱਸੋ?

ਬਾਬਰ ਵਾਣੀ।


© Sikh Society of Michigan, MI, USA

੬੫.	ਬਾਬਰ ਨੇ ਗੁਰੂ ਜੀ ਨੂੰ ਕਿਸ ਜਗ੍ਹਾ ਅਤੇ ਬੰਦੀ ਬਣਾਇਆ?

ਐਮਨਾਬਾਦ- ਪਾਕਿਸਤਾਨ ਵਿੱਚ।

੬੬.	ਗੁਰੂ ਜੀ ਨੇ ਵਲੀ ਕੰਧਾਰੀ ਦਾ ਹੰਕਾਰ ਕਿੱਥੇ ਤੋੜਿਆ?

ਹਸਨ ਅਬਦਾਲ ਵਿਖੇ ਜਿਸ ਨੂੰ ਅਜ ਕੱਲ ਪੰਜਾ ਸਾਹਿਬ ਕਹਿੰਦੇ ਹਨ। ਵਲੀ ਕੰਧਾਰੀ ਨੇ ਗੁਰੂ ਸਾਹਿਬ ਤੇ ਪਹਾੜ ਸੁੱਟਿਆ ਸੀ ਜਿਸਨੂੰ ਗੁਰੂ ਸਾਹਿਬ ਨੇ ਅਪਨੇ ਪੰਜੇ ਨਾਲ ਰੋਕ ਲਿਆ ਸੀ। ਉਹ ਪਹਾੜ ਉੱਤੇ ਗੁਰੂ ਸਾਹਿਬ ਦੇ ਹੱਥ ਦੇ ਨਿਸ਼ਾਨ ਅੱਜ ਵੀ ਮੌਜੂਦ ਨੇ।

੬੭.	ਗੁਰੂ ਨਾਨਕ ਦੇਵ ਜੀ ਨੇ ਆਪਨੇ ਜੀਵਨ ਕਾਲ ਵਿੱਚ ਕਿਹੜੇ ਦੁਨਿਆਵੀ ਕੰਮ ਕੀਤੇ?

ਵਪਾਰ ਕਰਨਾ, ਖੇਤੀ ਕਰਨਾ, ਦੁਕਾਨ ਚਲਾਉਣੀ। ਇਹ ਉਹਨਾਂ ਦੇ ਜੀਵਨ ਦੇ ਕੁੱਝ ਕੰਮ ਸਨ।

੬੮.	ਗੁਰੂ ਨਾਨਕ ਦੇਵ ਜੀ ਕਦੋਂ ਅਤੇ ਕਿੱਥੇ ਜੋਤੀ ਜੋਤ ਸਮਾਏ?

ਮਈ ੭, ੧੫੩੯ ਕਰਤਾਰਪੁਰ, ਪਾਕਿਸਤਾਨ ਵਿਖੇ।

੬੯.	ਗੁਰੂ ਨਾਨਕ ਦੇਵ ਜੀ ਨੇ ਕਿਸ ਨੂੰ ਗੁਰਗੱਦੀ ਦਿੱਤੀ?

ਭਾਈ ਲਹਿਣੇ ਨੂੰ- ਜੋ ਕਿ ਗੁਰਗੱਦੀ ਮਿਲਣ ਤੋਂ ਬਾਦ ਗੁਰੂ ਅੰਗਦ ਦੇਵ ਜੀ ਬਣੇ।

੭੦.	ਗੁਰੂ ਅੰਗਦ ਦੇਵ ਜੀ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ ਸੀ?

ਗੁਰੂ ਅੰਗਦ ਦੇਵ ਜੀ ਦਾ ਜਨਮ ੧੫੦੪ ਈ: ਨੂੰ ਮੱਤੇ ਕੀ ਸਰਾਂ, ਫਿਰੋਜ਼ਪੁਰ, ਪੰਜਾਬ ਵਿੱਖੇ ਹੋਇਆ।

੭੧.	ਗੁਰੂ ਅੰਗਦ ਦੇਵ ਜੀ ਦੇ ਮਾਤਾ ਪਿਤਾ ਦਾ ਨਾਮ ਕੀ ਸੀ?

ਗੁਰੂ ਅੰਗਦ ਦੇਵ ਜੀ ਦੇ ਪਿਤਾ ਦਾ ਨਾਮ ਭਾਈ ਫ਼ੇਰੂ ਜੀ ਅਤੇ ਮਾਤਾ ਦਾ ਨਾਂ ਦਯਾ ਕੌਰ ਸੀ।

੭੨.	ਗੁਰੂ ਅੰਗਦ ਦੇਵ ਜੀ ਦੀ ਸੁਪਤਨੀ ਦਾ ਕੀ ਨਾਂ ਸੀ?

ਗੁਰੂ ਅੰਗਦ ਦੇਵ ਜੀ ਦੀ ਸੁਪਤਨੀ ਦਾ ਨਾਂ ਮਾਤਾ ਖੀਵੀ ਜੀ ਸੀ।

੭੩.	ਗੁਰੂ ਅੰਗਦ ਦੇਵ ਜੀ ਦੇ ਕਿੰਨੇ ਬੱਚੇ ਸਨ ਅਤੇ ਉਹਨਾਂ ਦੇ ਨਾਂ ਦੱਸੋ?

ਗੁਰੂ ਅੰਗਦ ਦੇਵ ਜੀ ਦੇ ੪ ਬੱਚੇ ਸਨ: ਦੋ ਲੜਕੇ ਭਾਈ ਦਾਤੂ ਜੀ ਅਤੇ ਭਾਈ ਦਾਸੂ ਜੀ , ਅਤੇ ਦੋ ਲੜਕੀਆਂ ਸਨ, ਬੀਬੀ ਅਮਰੋ ਅਤੇ ਬੀਬੀ ਅਣੋਖੀ ਜੀ।

੭੪.	ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਕਦੋਂ ਮਿਲੀ?


© Sikh Society of Michigan, MI, USA

੧੫੩੯ ਈ: ਵਿੱਚ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਵਿੱਖੇ ਆਪ ਜੀ ਨੂੰ ਗੁਰਗੱਦੀ ਦਿੱਤੀ।

੭੫. ਗੁਰਗੱਦੀ ਤੋਂ ਬਾਦ ਗੁਰੂ ਅੰਗਦ ਦੇਵ ਜੀ ਕਿਹੜੇ ਨਗਰ ਤੋਂ ਸਿੱਖੀ ਦਾ ਪ੍ਰਚਾਰ ਕਰਦੇ ਰਹੇ?

ਖਡੂਰ ਸਾਹਿਬ ਤੋਂ।

੭੬. ਗੁਰੂ ਅੰਗਦ ਦੇਵ ਜੀ ਜੋਤੀ ਜੋਤ ਕਦੋਂ ਸਮਾਏ?

ਗੁਰੂ ਅੰਗਦ ਦੇਵ ਜੀ ੧੫੫੨ ਈ: ਨੂੰ ਜੋਤੀ ਜੋਤ ਸਮਾ ਗਏ।

੭੭. ਗੁਰੂ ਅਮਰਦਾਸ ਜੀ ਦਾ ਜਨਮ ਕਦੋਂ ਅਤੇ ਕਿਥੇ ਹੋਇਆ ?

ਗੁਰੂ ਅਮਰਦਾਸ ਜੀ ਦਾ ਜਨਮ ੧੫ ਮਈ,੧੪੭੯ ਈ: ਨੂੰ ਪਿੰਡ ਬਾਸਰਕੇ ਜ਼ਿਲਾ ਅਮ੍ਰਿੰਤਸਰ ਵਿਖੇ ਹੋਇਆ ।

੭੮. ਗੁਰੂ ਅਮਰਦਾਸ ਜੀ ਦੇ ਮਾਤਾ , ਪਿਤਾ ਦਾ ਨਾਮ ਕੀ ਸੀ ?

ਗੁਰੂ ਅਮਰਦਾਸ ਜੀ ਦੇ ਪਿਤਾ ਦਾ ਨਾਮ ਤੇਜ਼ ਭਾਨ ਜੀ ਅਤੇ ਮਾਤਾ ਦਾ ਨਾਮ ਲ਼ਖਮੀ ਜੀ ਸੀ ।

੭੯. ਗੁਰੂ ਅਮਰਦਾਸ ਜੀ ਦੀ ਪਤਨੀ ਦਾ ਕੀ ਨਾਮ ਸੀ ?

ਗ੍ਰੁਰੂ ਅਮਰਦਾਸ ਜੀ ਦੀ ਪਤਨੀ ਦਾ ਨਾਮ ਬੀਬੀ ਮਨਸਾ ਦੇਵੀ ਜੀ ਸੀ ।

੮੦. ਗੁਰੂ ਅਮਰਦਾਸ ਜੀ ਦੇ ਬਚਿਆਂ ਦੇ ਕੀ ਨਾਮ ਸਨ ?

ਗੁਰੂ ਅਮਰਦਾਸ ਜੀ ਦੇ ੪ ਬਚੇ ਸਨ;
੨ ਲੜਕੇ ; ਬਾਬਾ ਮੋਹਨ ਜੀ ਅਤੇ ਬਾਬਾ ਮੋਹਰੀ ਜੀ
੨ ਲੜਕੀਆਂ ; ਬੀਬੀ ਦਾਨੀ ਜੀ ਅਤੇ ਬੀਬੀ ਭਾਨੀ ਜੀ ।

੮੧. ਗੁਰੂ ਅਮਰਦਾਸ ਜੀ ਨੇ ਕਿਹੜਾ ਨਗਰ ਵਸਾਇਆ ?

ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਸਾਹਿਬ ਨਗਰ ਵਸਾਇਆ ।

੮੨. ਗੁਰੂ ਅਮਰਦਾਸ ਜੀ ਨੇ ਸਮਾਜ ਭਲਾਈ ਦੇ ਕਿਹੜੇ ਕੰਮ ਕੀਤੇ ?

 © Sikh Society of Michigan, MI, USA

ਗੁਰੂ ਅਮਰਦਾਸ ਜੀ ਨੇ ਜ਼ਾਤ ਪਾਤ ਨੂੰ ਖਤਮ ਕੀਤਾ, ਲੰਗਰ ਦੀ ਪਿਰਤ ਪਾਈ, ਪੀਣ ਵਾਲੇ ਪਾਣੀ ਲਈ ਖੂਹ ਲਗਵਾਏ, ਜਿਨ੍ਹਾਂ ਵਿਚੋਂ ਬਾਓਲੀ ਸਾਹਿਬ ਅਜ ਵੀ ਮੌਜੂਦ ਹੈ। ਗੁਰੂ ਸਾਹਿਬ ਜੀ ਨੇ ਸਤੀ ਪ੍ਰਥਾ ਖਤਮ ਕੀਤੀ, ਅਤੇ ਧਰਮ ਪ੍ਰਚਾਰ ਲਈ ਮੰਜੀਆਂ ਦੀ ਸਥਾਪਨਾ ਕੀਤੀ ਜਿਸ ਵਿੱਚ ਔਰਤਾਂ ਨੂੰ ਵੀ ਬਰਾਬਰ ਦਾ ਦਰਜਾ ਦਿੱਤਾ ਗਿਆ ।

੮੩. ਮਸੰਦ ਕਿਸ ਨੂੰ ਕਿਹਾ ਜਾਂਦਾ ਸੀ ਅਤੇ ਇਸ ਦੀ ਸ਼ੁਰੂਆਤ ਕਿਸ ਨੇ ਕੀਤੀ?

ਸਿੱਖ ਧਰਮ ਦੇ ਪ੍ਰਚਾਰਕ ਨੂੰ ਮਸੰਦ ਕਿਹਾ ਜਾਂਦਾ ਸੀ ਅਤੇ ਇਸ ਨੂੰ ਗੁਰੂ ਅਮਰਦਾਸ ਜੀ ਨੇ ਸ਼ੁਰੂ ਕੀਤੀ ਸੀ।

੮੪. ਗੁਰੂ ਅਮਰਦਾਸ ਜੀ ਦੇ ਸਮੇ ਕੁੱਲ ਕਿੰਨੇ ਮਸੰਦ ਸੀ? ਅਤੇ ਉਹਨਾਂ ਵਿੱਚੋ ਇਸਤਰੀਆਂ ਕਿੰਨੀਆਂ ਸਨ?

ਗੁਰੂ ਅਮਰਦਾਸ ਜੀ ਦੇ ਸਮੇ ਕੁੱਲ ੧੪੬ ਮਸੰਦ ਸਨ ਜਿੰਨਾਂ ਵਿੱਚੋਂ ੫੨ ਔਰਤਾਂ ਸਨ ਜਿੰਨਾਂ ਨੇ ਕਸ਼ਮੀਰ ਅਤੇ ਅਫ਼ਗਾਨਿਸਤਾਨ ਦੇ ਇਲਾਕੇ ਵਿੱਚ ਸਿੱਖੀ ਦਾ ਪ੍ਰਚਾਰ ਕੀਤਾ।

੮੫. ਗੁਰੂ ਅਮਰਦਾਸ ਜੀ ਨੇ ਪਰਦਾ ਪ੍ਰਥਾ ਖਤਮ ਕੀਤੀ। ਪਰਦਾ ਕੀ ਸੀ?

ਔਰਤ ਦਾ ਆਪਣੇ ਸਿਰ ਅਤੇ ਮੂੰਹ ਨੂੰ ਢੱਕ ਕੇ ਰੱਖਣਾ।

੮੬. ਸਤੀ ਪ੍ਰਥਾ ਕੀ ਸੀ? ਕਿਸ ਗੁਰੂ ਨੇ ਇਸ ਨੂੰ ਖਤਮ ਕੀਤਾ?

ਸਤੀ ਪ੍ਰਥਾ ਅਨੁਸਾਰ ਜਦੋ ਪਤੀ ਦੀ ਮੌਤ ਹੋ ਜਾਂਦੀ ਸੀ ਤਾਂ ਪਤਨੀ ਨੂੰ ਜਿਉਂਦੇ ਜੀਅ ਪਤੀ ਦੇ ਨਾਲ ਚਿਖਾ ਵਿੱਚ ਜਲਾ ਦਿੱਤਾ ਜਾਂਦਾ ਸੀ। ਜਿਸ ਨੂੰ ਗੁਰੂ ਅਮਰਦਾਸ ਜੀ ਨੇ ਖਤਮ ਕੀਤਾ।

੮੭. ਗੁਰੂ ਅਮਰਦਾਸ ਜੀ ਕਦੋਂ ਜੋਤੀ ਜੋਤ ਸਮਾਏ?

ਗੁਰੂ ਅਮਰਦਾਸ ਜੀ ੩੦ ਅਗਸਤ,੧੫੭੪ ਈ; ਨੂੰ ਗੋਇੰਦਵਾਲ ਵਿਖੇ ਜੋਤੀ ਜੋਤ ਸਮਾਏ ।

੮੮. ਗੁਰੂ ਅਮਰਦਾਸ ਤੋਂ ਬਾਦ ਗੁਰਗੱਦੀ ਕਿਸ ਨੂੰ ਮਿਲੀ?

ਗੁਰੂ ਰਾਮਦਾਸ ਜੀ ਨੂੰ ਜੋ ਬੀਬੀ ਭਾਨੀ ਜੀ ਦੇ ਪਤੀ ਸਨ।

੮੯. ਗੁਰੂ ਰਾਮਦਾਸ ਜੀ ਦਾ ਜਨਮ ਕਿੱਥੇ ਅਤੇ ਕਦੋਂ ਹੋਇਆ?

ਚੂਨਾ ਮੰਡੀ ਲਾਹੌਰ, ਸਤੰਬਰ ੨੪, ੧੫੩੪।

੯੦. ਗੁਰੂ ਰਾਮਦਾਸ ਜੀ ਦੇ ਮਾਤਾ ਪਿਤਾ ਕੌਣ ਸਨ?

ਪਿਤਾ ਭਾਈ ਹਰਿਦਾਸ ਜੀ ਅਤੇ ਮਾਤਾ ਬੀਬੀ ਅਨੂਪ ਦੇਵੀ ਜੀ।

 © Sikh Society of Michigan, MI, USA

੯੧. ਗੁਰੂ ਰਾਮਦਾਸ ਜੀ ਗੋਇੰਦਵਾਲ ਕੀ ਕਰਦੇ ਹੁੰਦੇ ਸਨ?

ਘੁੰਗਣੀਆਂ ਵੇਚਦੇ ਹੁੰਦੇ ਸਨ।

੯੨. ਗੁਰੂ ਰਾਮਦਾਸ ਜੀ ਦਾ ਬਚਪਨ ਦਾ ਕੀ ਨਾਂ ਸੀ?

ਭਾਈ ਜੇਠਾ ਜੀ।

੯੩. ਗੁਰੂ ਰਾਮਦਾਸ ਜੀ ਨੇ ਆਪਣਾ ਬਹੁਤਾ ਸਮਾਂ ਕਿੱਥੇ ਬਿਤਾਇਆ?

ਰਾਮਦਾਸ ਪੁਰ ਜਿਸ ਨੂੰ ਹੁਣ ਅੰਮ੍ਰਿਤਸਰ ਕਹਿੰਦੇ ਹਨ।

੯੪. ਉਸ ਔਰਤ ਦਾ ਨਾਂ ਦੱਸੋ ਜਿਸ ਨੂੰ ਗੁਰੂ ਦੀ ਬੇਟੀ, ਇੱਕ ਗੁਰੂ ਦੀ ਪਤਨੀ, ਇੱਕ ਗੁਰੂ ਦੀ ਮਾਂ, ਦਾਦੀ ਅਤੇ ਪੜਦਾਦੀ ਹੋਣ ਦਾ ਮਾਣ ਪ੍ਰਾਪਤ ਹੈ?

ਬੀਬੀ ਭਾਨੀ ਜੀ।

੯੫. ਗੁਰੂ ਰਾਮਦਾਸ ਜੀ ਕਦੋਂ ਜੋਤੀ ਜੋਤ ਸਮਾਏ?

ਸਤੰਬਰ ੧, ੧੫੮੧ ਨੂੰ ਗੋਇੰਦਵਾਲ ਸਾਹਿਬ ਵਿਖੇ।

੯੬. ਗੁਰੂ ਰਾਮਦਾਸ ਜੀ ਦੇ ਕਿੰਨੇ ਬੱਚੇ ਸਨ ਅਤੇ ਉਹਨਾਂ ਦੇ ਨਾਮ ਦਸੋ?

ਗੁਰੂ ਰਾਮਦਾਸ ਜੀ ਦੇ ਤਿੰਨ ਬੱਚੇ ਸਨ। ਪਿਰਥੀ ਚੰਦ, ਮਹਾਂਦੇਵ ਅਤੇ ਅਰਜਨ ਮੱਲ।

੯੭. ਗੁਰੂ ਰਾਮਦਾਸ ਤੋਂ ਬਾਦ ਕੌਣ ਗੁਰਗੱਦੀ ਅਤੇ ਬੈਠੇ?

ਅਰਜਨ ਮੱਲ ਜੋ ਬਾਦ ਵਿੱਚ ਗੁਰੂ ਅਰਜਨ ਦੇਵ ਜੀ ਬਣੇ।

੯੮. ਗੁਰੂ ਅਰਜਨ ਦੇਵ ਜੀ ਦਾ ਜਨਮ ਕਿੱਥੇ ਅਤੇ ਕਦੋਂ ਹੋਇਆ?

ਗੁਰੂ ਅਰਜਨ ਦੇਵ ਜੀ ਦਾ ਜਨਮ ੧੫੬੩ ਈਸਵੀ ਨੂੰ ਅੰਮ੍ਰਿਤਸਰ ਵਿਖੇ ਹੋਇਆ।

੯੯. ਗੁਰੂ ਅਰਜਨ ਦੇਵ ਜੀ ਦੇ ਮਾਤਾ ਪਿਤਾ ਦਾ ਨਾਂ ਕੀ ਸੀ?

ਗੁਰੂ ਅਰਜਨ ਦੇਵ ਜੀ ਦੇ ਪਿਤਾ ਰਾਮਦਾਸ ਜੀ ਅਤੇ ਮਾਤਾ ਬੀਬੀ ਭਾਨੀ ਜੀ ਸਨ।

੧੦੦. ਗੁਰੂ ਅਰਜਨ ਦੇਵ ਜੀ ਦਾ ਵਿਆਹ ਕਿਸਦੇ ਨਾਲ ਅਤੇ ਕਿੱਥੇ ਹੋਇਆ?

ਗੁਰੂ ਅਰਜਨ ਦੇਵ ਜੀ ਦਾ ਵਿਆਹ ਮਾਤਾ ਗੰਗਾ ਜੀ ਨਾਲ ਪਿੰਡ ਮਾਹੋ ਜ਼ਿਲ੍ਹਾ ਜਲੰਧਰ ਵਿਖੇ ਹੋਇਆ।

 © Sikh Society of Michigan, MI, USA

੧੦੧. ਗੁਰੂ ਅਰਜਨ ਦੇਵ ਜੀ ਦੇ ਕਿੰਨੇ ਬੱਚੇ ਸਨ ਅਤੇ ਉਹਨਾਂ ਦੇ ਨਾਂ ਕੀ ਸਨ?

ਗੁਰੂ ਅਰਜਨ ਦੇਵ ਜੀ ਦੇ ਇੱਕੋ-ਇੱਕ ਸਪੁੱਤਰ ਸਨ ਅਤੇ ਉਹਨਾਂ ਦਾ ਨਾਂ ਗੁਰੂ ਹਰਗੋਬਿੰਦ ਸੀ।

੧੦੨. ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦਾਂ ਦੇ ਸਿਰਤਾਜ ਕਿਉਂ ਕਹਿੰਦੇ ਹਨ?

ਗੁਰੂ ਅਰਜਨ ਦੇਵ ਜੀ ਸਿੱਖਾਂ ਦੇ ਪਹਿਲੇ ਸ਼ਹੀਦ ਹੋਏ ਹਨ।

੧੦੩. ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਿਸ ਨੇ ਕੀਤਾ?

ਮੁਸਲਮਾਨ ਹਾਕਮ ਜਹਾਂਗੀਰ ਨੇ।

੧੦੪. ਗੁਰੂ ਅਰਜਨ ਦੇਵ ਜੀ ਨੇ ਕਿਹੜੇ ਕਿਹੜੇ ਕੰਮ ਕੀਤੇ?

ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਵਿੱਚ ਦਰਬਾਰ ਸਾਹਿਬ ਬਣਾਇਆ ਜਿਸ ਨੂੰ ਅਜ ਕਲ੍ਹ ਹਰਮੰਦਰ ਸਾਹਿਬ ਆਖਦੇ ਹਨ। ਕੀਰਤਪੁਰ ਅਤੇ ਹਰਗੋਬਿੰਦ ਸਾਹਿਬ ਨਗਰ ਵਸਾਏ, ਤਰਨ ਤਾਰਨ ਵਿੱਚ ਬਜੁਰਗਾਂ ਅਤੇ ਚਮੜੀ ਦੇ ਰੋਗੀਆਂ ਲਈ ਆਸ਼ਰਮ ਬਣਾਇਆ, ਲੋਕਾਂ ਲਈ ਪਾਣੀ ਦੀਆਂ ਜਰੂਰਤਾਂ ਲਈ ਖੂਹ ਲਗਵਾਏ। ਜਿਨਾਂ ਵਿੱਚੋਂ ਗੁਰੂ ਕਾ ਖੂਹ, ਤਰਨ ਤਾਰਨ ਅਤੇ ਛੇਹਰਟਾ ਸਾਹਿਬ ਮਸ਼ਹੂਰ ਹੈ। ਇਸ ਤੋਂ ਇਲਾਵਾ ਆਪ ਜੀ ਨੇ ਬਹੁਤ ਸਾਰੀ ਬਾਣੀ ਰਚੀ। ਬਾਕੀ ਸਾਰੀਆਂ ਬਾਣੀਆਂ ਨੂੰ ਇੱਕਠੇ ਕਰ ਕੇ ਸੰਪਾਦਿਤ ਕੀਤਾ ਅਤੇ ਪੋਥੀ ਸਾਹਿਬ ਦੀ ਰਚਨਾ ਕੀਤੀ।

੧੦੫. ਪੋਥੀ ਸਾਹਿਬ ਕਿਸ ਨੂੰ ਕਿਹਾ ਜਾਂਦਾ ਹੈ?

ਆਦਿ ਗ੍ਰੰਥ ਨੂੰ।

੧੦੬. ਭਾਈ ਗੁਰਦਾਸ ਜੀ ਕੌਣ ਸਨ ਅਤੇ ਉਹਨਾਂ ਦਾ ਗੁਰੂ ਅਰਜਨ ਦੇਵ ਜੀ ਨਾਲ ਕੀ ਰਿਸ਼ਤਾ ਸੀ?

ਭਾਈ ਗੁਰਦਾਸ ਜੀ ਇਕ ਬਹੁਤ ਮਹਾਨ ਵਿਦਵਾਨ ਅਤੇ ਲਿਖਾਰੀ ਸਨ। ਗੁਰੂ ਅਰਜਨ ਦੇਵ ਜੀ ਦੇ ਮਾਮੇ ਲਗਦੇ ਸਨ। ਬੀਬੀ ਭਾਨੀ ਦੇ ਚਚੇਰੇ ਭਰਾ ਸਨ। ਕਰਤਾਰਪੁਰੀ ਬੀੜ ਦੇ ਲਿਖਾਰੀ ਸਨ।

੧੦੭. ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਕਿੱਥੇ ਅਤੇ ਕਦੋਂ ਹੋਈ?

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਲਹੌਰ ਵਿਖੇ ੨੫ ਮਈ ੧੬੦੬ ਈਸਵੀ ਨੂੰ ਹੋਈ। ਉੱਥੇ ਗੁਰਦੁਆਰਾ ਡੇਰਾ ਸਾਹਿਬ ਹੈ ਜੋ ਹੁਣ ਪਾਕਿਸਤਾਨ ਵਿੱਚ ਹੈ।

੧੦੮. ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਕਿਹੜੇ ਮੁੱਖ ਕਾਰਣ ਸਨ?

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਹੇਠ ਲਿਖੇ ਮੁੱਖ ਕਾਰਣ ਸਨ:

੧. ਪਿਰਥੀ ਚੰਦ (ਗੁਰੂ ਸਾਹਿਬ ਦੇ ਭਰਾ) ਦੀ ਈਰਖਾ।

 © Sikh Society of Michigan, MI, USA

੨. ਚੰਦੂ ਸ਼ਾਹ ਦੀ ਲੜਕੀ ਦਾ ਹਰ ਗੋਬਿੰਦ ਨਾਲ ਰਿਸ਼ਅਤੇ ਤੋਂ ਜਵਾਬ ਦੇਣਾ

੩. ਸਿੱਖੀ ਦਾ ਵਧਦਾ ਪ੍ਰਚਾਰ ਅਤੇ ਪਰਸਾਰ ਮੁਗ਼ਲਾਂ ਤੋਂ ਬਰਦਾਸ਼ਤ ਨਾ ਹੋਣਾ।

੧੦੯. ਗੁਰੂ ਅਰਜਨ ਦੇਵ ਜੀ ਨੂੰ ਕਿਦਾਂ ਸ਼ਹੀਦ ਕੀਤਾ ਗਿਆ?

ਗੁਰੂ ਸਾਹਿਬ ਨੂੰ ਪਹਿਲਾਂ ਗਰਮੀਆਂ ਦੇ ਦਿਨਾਂ ਵਿੱਚ ਕੜਕਦੀ ਧੁੱਪ ਵਿੱਚ ਭੁੱਖੇ ਅਤੇ ਤਿਹਾਏ ਰੱਖਿਆ ਗਿਆ। ਫੇਰ ਤੱਤੀ ਤਵੀ ਉਤੇ ਬਿਠਾ ਕੇ ਸਿਰ ਵਿੱਚ ਗਰਮ ਰੇਤ ਪਾਈ ਗਈ। ਅਤੇ ਅਖੀਰ ਜਦੋਂ ਸਾਰਾ ਸਰੀਰ ਛਲਨੀ ਹੋ ਗਿਆ ਤਾਂ ਰਾਵੀ ਨਦੀ ਵਿੱਚ ਵਹਾ ਦਿੱਤਾ ਗਿਆ।

੧੧੦. ਗੁਰੂ ਅਰਜਨ ਦੇਵ ਜੀ ਨੇ ਆਪਣੀ ਸ਼ਹੀਦੀ ਦੌਰਾਨ ਸਿੱਖਾਂ ਨੂੰ ਕੀ ਉਪਦੇਸ਼ ਦਿੱਤਾ?

ਗੁਰੂ ਸਾਹਿਬ ਨੇ ਇਸ ਮੌਕੇ ਤੇ ਸਿੱਖਾਂ ਨੂੰ ਸ਼ਾਂਤ ਚਿੱਤ ਰਹਿ ਕੇ ਨਾਮ ਸਿਮਰਨ ਕਰਨ ਲਈ ਕਿਹਾ।

੧੧੧. ਤੱਤੀ ਤਵੀ ਉੱਤੇ ਬੈਠ ਕੇ ਗੁਰੂ ਅਰਜਨ ਦੇਵ ਜੀ ਨੇ ਕਿਹੜਾ ਸ਼ਬਦ ਉਚਾਰਿਆ?

ਤੇਰਾ ਕੀਆ ਮੀਠਾ ਲਾਗੈ।। ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ।।

੧੧੨. ਗੁਰੂ ਅਰਜਨ ਦੇਵ ਜੀ ਨੇ ਬਾਬਾ ਬੁੱਢਾ ਅਤੇ ਭਾਈ ਗੁਰਦਾਸ ਜੀ ਕੋਲ ਹਰਗੋਬਿੰਦ ਸਾਹਿਬ ਜੀ ਨੂੰ ਕੀ ਸੁਨੇਹਾ ਭੇਜਿਆ?

ਗੁਰੂ ਅਰਜਨ ਦੇਵ ਜੀ ਨੇ ਹਰਗੋਬਿੰਦ ਸਾਹਿਬ ਨੂੰ ਹਲਾਤਾਂ ਨਾਲ ਨਜਿੱਠਣ ਲਈ ਭਗਤੀ ਨਾਲ ਸ਼ਕਤੀ ਰੱਖਣ ਅਤੇ ਸੰਤ ਸਿਪਾਹੀ ਬਣਨ ਲਈ ਕਿਹਾ।

੧੧੩. ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਕਿਸ ਨੂੰ ਗੁਰਗੱਦੀ ਮਿਲੀ?

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਗੁਰੂ ਹਰਿਗੋਬਿੰਦ ਸਾਹਿਬ ਨੂੰ ਗੁਰਗੱਦੀ ਉਤੇ ਬਿਠਾਇਆ ਗਿਆ।

੧੧੪. ਬਾਕੀ ਗੁਰੂਆਂ ਨਾਲੋਂ ਗੁਰੂ ਹਰਿਗੋਬਿੰਦ ਸਾਹਿਬ ਨੂੰ ਗੁਰਗੱਦੀ ਮਿਲਣ ਵਿੱਚ ਕੀ ਵੱਡਾ ਫ਼ਰਕ ਸੀ?

ਗੁਰੂ ਨਾਨਕ ਦੇਵ ਜੀ ਤੋਂ ਬਾਅਦ ਬਾਕੀ ਚਾਰ ਗੁਰੂਆਂ ਨੂੰ ਉਹਨਾਂ ਤੋਂ ਪਹਿਲੇ ਵਾਲੇ ਗੁਰੂਆਂ ਵੱਲੋਂ ਆਪਣੇ ਜਿਓਂਦੇ ਜੀ ਗੁਰਗੱਦੀ ਦਾ ਤਿਲਕ ਲਗਾਇਆ ਗਿਆ। ਪਰ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਗੁਰਗੱਦੀ ਦਾ ਟਿੱਕਾ ਲਾਇਆ ਗਿਆ। ਪਹਿਲੇ ਪੰਜ ਗੁਰੂਆਂ ਨੂੰ ਬਾਣੀ, ਨਾਰੀਅਲ, ਅਤੇ ਪੰਜ ਪੈਸੇ ਧਰ ਕੇ ਗੁਰਗੱਦੀ ਦੀ ਰਸਮ ਕੀਤੀ ਜਾਂਦੀ ਸੀ, ਪਰ ਗੁਰੂ ਹਰਿਗੋਬਿੰਦ ਸਾਹਿਬ ਨੂੰ ਦੋ ਤਲਵਾਰਾਂ ਮੀਰੀ ਅਤੇ ਪੀਰੀ ਵੀ ਪਹਿਨਾਈਆਂ ਗਈਆਂ।

੧੧੫. ਗੁਰੂ ਹਰਿਗੋਬਿੰਦ ਸਾਹਿਬ ਨੂੰ ਗੁਰਗੱਦੀ ਦਾ ਟਿੱਕਾ ਕਿਸਨੇ ਲਾਇਆ?

ਗੁਰੂ ਹਰਿਗੋਬਿੰਦ ਸਾਹਿਬ ਨੂੰ ਗੁਰਗੱਦੀ ਦਾ ਟਿੱਕਾ ਬਾਬਾ ਬੁੱਢਾ ਜੀ ਨੇ ਲਾਇਆ।


© Sikh Society of Michigan, MI, USA

੧੧੬.	ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ?

ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜਨਮ ੧੫੯੫ ਈਸਵੀ ਵਿੱਚ ਗੁਰੂ ਕੀ ਵਡਾਲੀ ਅੰਮ੍ਰਿਤਸਰ ਵਿਖੇ ਹੋਇਆ।

੧੧੭.	ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮਾਤਾ ਅਤੇ ਪਿਤਾ ਜੀ ਦਾ ਕੀ ਨਾਮ ਸੀ?

ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮਾਤਾ ਜੀ ਦਾ ਨਾਮ ਮਾਤਾ ਗੰਗਾ ਜੀ ਅਤੇ ਪਿਤਾ ਜੀ ਦਾ ਨਾਮ ਗੁਰੂ ਅਰਜਨ ਦੇਵ ਜੀ ਸੀ।

੧੧੮.	ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਤਨੀ ਦਾ ਕੀ ਨਾਮ ਸੀ?

ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਤਨੀ ਦਾ ਨਾਮ ਬੀਬੀ ਨਾਨਕੀ ਸੀ।

੧੧੯.	ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਬੱਚਿਆਂ ਦੇ ਨਾਮ ਦੱਸੋ।

੧. ਬਾਬਾ ਗੁਰਦਿੱਤਾ ਜੀ

੨. ਬਾਬਾ ਸੂਰਜ ਮੱਲ ਜੀ

੩. ਬੀਬੀ ਵੀਰੋ ਜੀ

੪. ਬਾਬਾ ਅਟੱਲ ਰਾਇ ਜੀ

੫. ਬਾਬ ਅਨੀ ਰਾਏ ਜੀ

੬. ਬਾਬਾ ਤਿਆਗ ਮੱਲ ਜੀ ਜੋ ਬਾਅਦ ਵਿੱਚ ਗੁਰੂ ਤੇਗ਼ ਬਹਾਦਰ ਬਣੇ

੧੨੦.	ਬਾਬਾ ਅਟੱਲ ਜੀ ਕਿੱਥੇ ਅਤੇ ਕਿੰਨੀ ਉਮਰ ਵਿੱਚ ਜੋਤੀ-ਜੋਤਿ ਸਮਾਏ?

ਬਾਬਾ ਅਟੱਲ ਜੀ ਨੌਂ ਸਾਲ ਦੀ ਉਮਰ ਵਿੱਚ ਅੰਮ੍ਰਿਤਸਰ ਵਿਖੇ ਜੋਤੀ-ਜੋਤਿ ਸਮਾਏ।

੧੨੧.	ਬਾਬਾ ਅਟੱਲ ਜੀ ਦੀ ਯਾਦ ਵਿੱਚ ਜੋ ਗੁਰਦੁਆਰਾ ਉਸਾਰਿਆ ਗਿਆ ਉਹ ਕਿੱਥੇ ਹੈ, ਉਸਦਾ ਨਾਂ ਕੀ ਹੈ ਅਤੇ ਉਹ ਕਿੰਨਾ ਉੱਚਾ ਹੈ?

ਇਹ ਗੁਰਦੁਆਰਾ ਅੰਮ੍ਰਿਤਸਰ ਵਿਖੇ ਅਟੱਲ ਸਾਹਿਬ ਦੇ ਨਾਂ ਤੋਂ ਜਾਣਿਆ ਜਾਂਦਾ ਹੈ ਅਤੇ ਇਸ ਦੀਆਂ ਨੌਂ ਮੰਜ਼ਿਲਾਂ ਹਨ।

੧੨੨.	ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਪਹਿਨੀਆਂ ਦੋ ਤਲਵਾਰਾਂ ਕਿਸ ਗੱਲ ਦੀਆਂ ਪਰਤੀਕ ਹਨ?

ਦੋ ਤਲਵਾਰਾਂ ਮੀਰੀ (ਸ਼ਕਤੀ) ਅਤੇ ਪੀਰੀ (ਭਗਤੀ) ਦੀਆਂ ਪਰਤੀਕ ਹਨ।


© Sikh Society of Michigan, MI, USA

੧੨੩. ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕਿਹੜੇ ਕਿਲ੍ਹੇ ਬਣਵਾਏ?

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਅੰਮ੍ਰਿਤਸਰ ਵਿੱਚ ਕਿੱਲਾ ਲੋਹਗੜ੍ਹ ਬਣਵਾਇਆ ਅਤੇ ਅਕਾਲ ਤਖ਼ਤ ਜਿਸਨੂੰ ਅਕਾਲ ਬੁੰਗਾ ਕਿਹਾ ਜਾਂਦਾ ਸੀ ਵੀ ਬਣਵਾਇਆ।

੧੨੪. ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਅਕਾਲ ਤਖ਼ਤ ਕਦੋਂ ਬਣਵਾਇਆ?

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਅਕਾਲ ਤਖ਼ਤ ੧੬੦੯ ਈਸਵੀ ਵਿੱਚ ਬਣਵਾਇਆ।

੧੨੫. ਅਕਾਲ ਤਖ਼ਤ ਦਾ ਕੀ ਭਾਵ ਹੈ?

ਅਕਾਲ ਤਖ਼ਤ ਤੋਂ ਭਾਵ ਹੈ "ਪਰਮਾਤਮਾ ਦੀ ਅਦਾਲਤ"।

੧੨੬. ਮੁਗ਼ਲ ਸ਼ਾਸਕ ਜਹਾਂਗੀਰ ਗੁਰੂ ਹਰਿਗੋਬਿੰਦ ਸਾਹਿਬ ਨੂੰ ਮਿਲਣ ਕਿੱਥੇ ਅਤੇ ਕਿਉਂ ਆਇਆ?

ਜਹਾਂਗੀਰ ਗੁਰੂ ਸਾਹਿਬ ਨੂੰ ਮਿਲਣ ਅੰਮ੍ਰਿਤਸਰ ਵਿਖੇ ਗੁਰੂ ਅਰਜਨ ਦੇਵ ਜੀ ਨੂੰ ਦਿੱਤੇ ਤਸੀਹਿਆਂ ਦਾ ਪਛਤਾਵਾ ਕਰਨ ਆਇਆ।

੧੨੭. ਉਹਨਾਂ ਗੁਰੂ ਪ੍ਰੇਮੀਆਂ ਦੇ ਨਾਂ ਦੱਸੋ ਜਿਨ੍ਹਾ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਕਾਬੁਲ ਤੋਂ ਸਭਤੋਂ ਵਧੀਆ ਨਸਲ ਦੇ ਘੋੜੇ ਭੇਟ ਕੀਤੇ?

ਬਖਤਰ ਮੱਲ ਅਤੇ ਤਾਰਾ ਚੰਦ।

੧੨੮. ਕਾਬੁਲ ਤੋਂ ਅੰਮ੍ਰਿਤਸਰ ਆਉਂਦੇ ਵਕਤ ਮੁਸਲਮਾਨ ਹਾਕਮ ਨੇ ਘੋੜੇ ਖੋਹ ਲਏ, ਉਹ ਕਿਹੜਾ ਸਿੱਖ ਸੀ, ਜਿਸਨੇ ਇਕੱਲੇ ਹੀ ਜਾ ਕੇ ਘੋੜੇ ਲੈ ਆਂਦੇ?

ਬਿਧੀ ਚੰਦ ਛੀਨਾ, ਜਿਸਨੇ ਇਕ ਘੋੜਾ ਘਾਹੀ ਬਣ ਕੇ ਅਤੇ ਦੂਸਰਾ ਜਿਓਤਿਸ਼ੀ ਬਣ ਕੇ ਛੁਡਾ ਲਿਆ।

੧੨੯. ਉਹਨਾਂ ਘੋੜਿਆਂ ਨੂੰ ਗੁਰੂ ਸਾਹਿਬ ਨੇ ਕੀ ਨਾਮ ਦਿੱਤਾ?

ਗੁਲਬਾਗ਼ ਅਤੇ ਦਿਲਬਾਗ਼।

੧੩੦. ਕਿਹੜੇ ਸਿੱਖ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਜਪੁਜੀ ਸਾਹਿਬ ਦਾ ਸ਼ੁੱਧ ਪਾਠ ਸਰਵਣ ਕਰਾਇਆ?

ਭਾਈ ਗੋਪਾਲਾ ਜੀ ਨੇ।

੧੩੧. ਗੁਰੂ ਹਰਿਗੋਬਿੰਦ ਸਾਹਿਬ ਨੇ ਮੁਗ਼ਲ ਹਕੂਮਤ ਵਿਰੁੱਧ ਕਿੰਨੀਆਂ ਜੰਗਾਂ ਲੜੀਆਂ?

ਉਸ ਤਰ੍ਹਾਂ ਤਾਂ ਗੁਰੂ ਸਾਹਿਬ ਦੀਆਂ ਕਈ ਛੋਟੀਆਂ-ਮੋਟੀਆਂ ਲੜਾਈਆਂ ਹੋਈਆਂ ਪਰ ਮੁਗ਼ਲ ਹਕੂਮਤ ਨਾਲ ਉਹਨਾਂ ਦੀਆਂ ਚਾਰ ਮੁੱਖ ਲੜਾਈਆਂ ਹੋਈਆਂ।

੧੩੨. ਗੁਰੂ ਹਰਿਗੋਬਿੰਦ ਸਾਹਿਬ ਦੀ ਮੁਗ਼ਲ ਹਕੂਮਤ ਨਾਲ ਪਹਿਲੀ ਜੰਗ ਕਦੋਂ ਅਤੇ ਕਿੱਥੇ ਹੋਈ?

 © Sikh Society of Michigan, MI, USA

ਸਭ ਤੋਂ ਪਹਿਲੀ ਜੰਗ ਜਹਾਂਗੀਰ ਦੇ ਪੁੱਤਰ ਸ਼ਾਹ ਜਹਾਨ ਦੇ ਨਾਲ ਅੰਮ੍ਰਿਤਸਰ ਵਿਖੇ ੧੬੩੪ ਵਿੱਚ ਹੋਈ।

੧੩੩. ਇਹ ਜੰਗ ਕਿਉਂ ਮਸ਼ਹੂਰ ਹੋਈ?

ਇਸ ਜੰਗ ਵਿੱਚ ਸ਼ਾਹ ਜਹਾਨ ਦੇ ਫ਼ੌਜੀ ਜਰਨੈਲ ਮੁਖ਼ਲਿਸ ਖ਼ਾਨ ਦੀ ਗੁਰੂ ਹਰਿਗੋਬਿੰਦ ਸਾਹਿਬ ਦੇ ਹੱਥੋਂ ਮੌਤ ਹੋਈ।

੧੩੪. ਗੁਰੂ ਹਰਿਗੋਬਿੰਦ ਸਾਹਿਬ ਨੇ ਕਿਹੜੇ-ਕਿਹੜੇ ਨਗਰ ਵਸਾਏ?

ਗੁਰੂ ਹਰਿਗੋਬਿੰਦ ਸਾਹਿਬ ਨੇ ਕੀਰਤਪੁਰ ਸਾਹਿਬ ਅਤੇ ਮੈਹੜੇ ਪਿੰਡ ਨੂੰ ਵਸਾਇਆ।

੧੩੫. ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਸਿੱਖ ਇਤਿਹਾਸ ਵਿੱਚ ਕੀ ਵੱਡਾ ਮੋੜ ਆਇਆ?

ਗੁਰੂ ਹਰਿਗੋਬਿੰਦ ਸਾਹਿਬ ਨੇ ਸ਼ਾਹੀ ਫ਼ੌਜ ਤਿਆਰ ਕੀਤੀ ਅਤੇ ਸ਼ਾਹੀ ਠਾਠ-ਬਾਠ ਨਾਲ ਰਾਜਿਆਂ ਦੀ ਤਰ੍ਹਾਂ ਰਹਿਣਾ ਸ਼ੁਰੂ ਕੀਤਾ।

੧੩੬. ਗੁਰੂ ਹਰਿਗੋਬਿੰਦ ਸਾਹਿਬ ਜੀ ਕਦੋਂ ਅਤੇ ਕਿੱਥੇ ਜੋਤੀ-ਜੋਤਿ ਸਮਾਏ?

੧੬੪੪ ਈਸਵੀ ਵਿੱਚ ਕੀਰਤਪੁਰ ਸਾਹਿਬ ਵਿਖੇ ।

੧੩੭. ਗੁਰੂ ਹਰਿ ਰਾਇ ਜੀ ਦਾ ਪ੍ਰਕਾਸ਼ ਕਦੋਂ ਅਤੇ ਕਿੱਥੇ ਹੋਇਆ?

੧੬੩੦ ਈਸਵੀ ਵਿੱਚ ਕੀਰਤਪੁਰ ਸਾਹਿਬ ਵਿਖੇ।

੧੩੮. ਗੁਰੂ ਹਰਿ ਰਾਇ ਜੀ ਦੇ ਪਿਤਾ ਅਤੇ ਮਾਤਾ ਕੌਣ ਸੀ?

ਪਿਤਾ ਬਾਬਾ ਗੁਰਦਿੱਤਾ ਜੀ (ਗੁਰੂ ਹਰਗੋਬਿੰਦ ਸਾਹਿਬ ਦੇ ਪੁੱਤਰ) ਅਤੇ ਮਾਤਾ ਨਿਹਾਲ ਕੌਰ ਜੀ।

੧੩੯. ਗੁਰੂ ਹਰਿ ਰਾਇ ਜੀ ਦੇ ਹੋਰ ਕਿੰਨੇ ਭੈਣ ਭਰਾ ਸਨ?

ਉਹਨਾਂ ਦਾ ਬੱਸ ਇਕ ਹੀ ਭਰਾ ਸੀ, ਬਾਬਾ ਧੀਰ ਮੱਲ।

੧੪੦. ਗੁਰੂ ਹਰਿ ਰਾਇ ਜੀ ਦੀ ਪਤਨੀ ਦਾ ਕੀ ਨਾਮ ਸੀ?

ਬੀਬੀ ਕ੍ਰਿਸ਼ਨ ਕੌਰ ਜੀ।

੧੪੧. ਗੁਰੂ ਹਰਿ ਰਾਇ ਜੀ ਦੇ ਸਪੁੱਤਰਾਂ ਦਾ ਕੀ ਨਾਮ ਸੀ?

ਰਾਮ ਰਾਇ ਅਤੇ ਹਰਕ੍ਰਿਸ਼ਨ।


© Sikh Society of Michigan, MI, USA

੧੪੨. ਗੁਰਬਾਣੀ ਦੀ ਤੁਕ "ਮਿੱਟੀ ਮੁਸਲਮਾਨ ਕੀ" ਬਦਲਣ ਕਾਰਨ ਕਿਸਨੂੰ ਗੁਰੂ ਘਰ ਵਿੱਚੋਂ ਛੇਕਿਆ ਗਿਆ ਸੀ?

ਗੁਰੂ ਹਰਿ ਰਾਇ ਜੀ ਨੇ ਆਪਣੇ ਪੁੱਤਰ ਰਾਮ ਰਾਇ ਨੂੰ ਬਾਣੀ ਦੀ ਤੁਕ ਬਦਲਣ ਕਰਕੇ ਗੁਰੂ ਘਰ ਵਿੱਚੋਂ ਛੇਕ ਦਿੱਤਾ।

੧੪੩. ਗੁਰੂ ਹਰਿ ਰਾਇ ਜੀ ਗੁਰਗੱਦੀ ਤੇ ਕਦੋਂ ਬੈਠੇ?

੧੬੪੪ ਈਸਵੀ ਵਿੱਚ ਗੁਰੂ ਹਰਗੋਬਿੰਦ ਜੀ ਨੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਗੁਰੂ ਹਰਿ ਰਾਇ ਜੀ ਨੂੰ ਗੁਰਗੱਦੀ ਦਿੱਤੀ।

੧੪੪. ਗੁਰੂ ਹਰਕ੍ਰਿਸ਼ਨ ਜੀ ਦਾ ਪ੍ਰਕਾਸ਼ ਕਦੋਂ ਅਤੇ ਕਿੱਥੇ ਹੋਇਆ?

੧੬੫੬ ਈਸਵੀ ਵਿੱਚ ਕੀਰਤਪੁਰ ਸਾਹਿਬ ਵਿਖੇ।

੧੪੫. ਗੁਰੂ ਹਰਕ੍ਰਿਸ਼ਨ ਸਾਹਿਬ ਦੇ ਮਾਤਾ ਅਤੇ ਪਿਤਾ ਕੌਣ ਸੀ?

ਪਿਤਾ ਗੁਰੂ ਹਰਿ ਰਾਇ ਜੀ ਅਤੇ ਮਾਤਾ ਬੀਬੀ ਕਿਸ਼ਨ ਕੌਰ ਜੀ।

੧੪੬. ਗੁਰੂ ਹਰਕ੍ਰਿਸ਼ਨ ਸਾਹਿਬ ਨੂੰ ਕਦੋਂ ਗੁਰਗੱਦੀ ਮਿਲੀ?

੧੬੬੧ ਵਿੱਚ ਪੰਜ ਸਾਲ ਦੀ ਉਮਰ ਵਿੱਚ ਗੁਰਗੱਦੀ ਉੱਤੇ ਬੈਠੇ।

੧੪੭. ਗੁਰੂ ਹਰਕ੍ਰਿਸ਼ਨ ਜੀ ਦਿੱਲੀ ਕਿਉਂ ਆਏ?

ਰਾਜਾ ਜੈ ਸਿੰਘ ਦੇ ਸੱਦੇ ਤੇ ਗੁਰੂ ਸਾਹਿਬ ਦਿੱਲੀ ਆਏ ਅਤੇ ਉਹਨਾਂ ਦੇ ਬੰਗਲੇ ਵਿੱਚ ਠਹਿਰੇ, ਜਿੱਥੇ ਗੁਰਦੁਆਰਾ ਬੰਗਲਾ ਸਾਹਿਬ ਸੁਸ਼ੋਭਿਤ ਹੈ।

੧੪੮. ਜਦੋਂ ਗੁਰੂ ਹਰਕ੍ਰਿਸ਼ਨ ਜੀ ਦਿੱਲੀ ਪਹੁੰਚੇ ਤਾਂ ਉੱਥੇ ਕਿਹੜੀ ਬਿਮਾਰੀ ਫੈਲੀ ਹੋਈ ਸੀ?

ਦਿੱਲੀ ਵਿੱਚ ਉਸ ਵੇਲੇ ਚੇਚਕ ਦੀ ਬਿਮਾਰੀ ਫੈਲੀ ਹੋਈ ਸੀ ਅਤੇ ਗੁਰੂ ਸਾਹਿਬ ਆਪ ਮਰੀਜਾਂ ਦੀ ਦੇਖ ਭਾਲ ਕਰਦੇ ਰਹੇ।

੧੪੯. ਗੁਰੂ ਹਰਕ੍ਰਿਸ਼ਨ ਜੀ ਜੋਤੀ-ਜੋਤਿ ਕਦੋਂ ਸਮਾਏ?

੧੬੬੪ ਈਸਵੀ ਵਿੱਚ ਅੱਠ ਸੱਲ ਦੀ ਉਮਰ ਵਿੱਚ ਜੋਤੀ-ਜੋਤਿ ਸਮਾਏ।

੧੫੦. ਜੋਤੀ-ਜੋਤਿ ਸਮਾਣ ਤੋਂ ਪਹਿਲਾਂ ਗੁਰੂ ਹਰਕ੍ਰਿਸ਼ਨ ਜੀ ਨੇ ਕਿਹੜੇ ਸ਼ਬਦ ਉਚਾਰੇ?

''ਬਾਬਾ ਬਕਾਲੇ''।

੧੫੧. ਗੁਰੂ ਹਰਕ੍ਰਿਸ਼ਨ ਜੀ ਦਾ ਸਸਕਾਰ ਕਿੱਥੇ ਕੀਤਾ ਗਿਆ?


© Sikh Society of Michigan, MI, USA

ਦਿੱਲੀ ਵਿਖੇ ਜਮਨਾ ਨਦੀ ਦੇ ਕੰਢੇ, ਜਿੱਥੇ ਗੁਰਦੁਆਰਾ ਬਾਲਾ ਸਾਹਿਬ ਹੈ।

੧੫੨. ਪਿੰਡ ਬਕਾਲੇ ਵਿੱਚ ਕਿੰਨੇ ਲੋਕ ਗੁਰਗੱਦੀ ਤੇ ਹੱਕ ਜਮਾਉਣ ਲਈ ਪਹੁੰਚ ਗਏ?

ਸੋਢੀ ਪਰਵਾਰ ਦੇ ੨੨ ਲੋਕ ਜੋ ਆਪਣੇ-ਆਪ ਨੂੰ ਮਸੰਦ ਕਹਿੰਦੇ ਸਨ, ਅਗਲੇ ਗੁਰੂ ਦਾ ਦਾਅਵਾ ਕਰਨ ਲੱਗ ਪਏ।

੧੫੩. ਗੁਰੂ ਤੇਗ਼ ਬਹਾਦਰ ਨੂੰ ਸੱਚਾ ਗੁਰੂ ਹੋਣ ਦਾ ਪ੍ਰਗਟਾਵਾ ਕਿਸਨੇ ਕੀਤਾ?

ਭਾਈ ਮੱਖਣ ਸ਼ਾਹ ਨੇ ਜੋ ਇਕ ਸ਼ਾਹੂਕਾਰ ਸੀ, ਕਿਹਾ "ਸੱਚਾ ਗੁਰੂ ਲਾਧੋ ਰੇ"।

੧੫੪. ਗੁਰੂ ਤੇਗ਼ ਬਹਾਦਰ ਦਾ ਜਨਮ ਕਿੱਥੇ ਅਤੇ ਕਦੋਂ ਹੋਇਆ?

੧੬੨੧ ਈਸਵੀ ਵਿੱਚ ਅੰਮ੍ਰਿਤਸਰ ਵਿਖੇ।

੧੫੫. ਗੁਰੂ ਤੇਗ਼ ਬਹਾਦਰ ਦੇ ਮਾਤਾ ਅਤੇ ਪਿਤਾ ਕੌਣ ਸੀ?

ਪਿਤਾ ਗੁਰੂ ਹਰਗੋਬਿੰਦ ਸਾਹਿਬ ਅਤੇ ਮਾਤਾ ਬੀਬੀ ਨਾਨਕੀ ਜੀ ਸਨ।

੧੫੬. ਗੁਰੂ ਤੇਗ਼ ਬਹਾਦਰ ਜੀ ਦੀ ਸੁਪਤਨੀ ਦਾ ਕੀ ਨਾਂ ਹੈ?

ਮਾਤਾ ਗੁਜਰੀ ਜੀ।

੧੫੭. ਗੁਰੂ ਤੇਗ਼ ਬਹਾਦਰ ਜੀ ਦੇ ਕਿੰਨੇ ਬੱਚੇ ਸਨ ਅਤੇ ਉਹਨਾਂ ਦੇ ਕੀ ਨਾਂ ਸੀ?

ਗੁਰੂ ਤੇਗ਼ ਬਹਾਦਰ ਜੀ ਦੇ ਇੱਕੋ-ਇੱਕ ਪੁੱਤਰ ਸਨ ਜਿਹਨਾ ਦਾ ਨਾਮ ਗੋਬਿੰਦ ਰਾਏ ਸੀ ਅਤੇ ਜੋ ਬਾਅਦ ਵਿੱਚ ਗੁਰੂ ਗੋਬਿੰਦ ਸਿੰਘ ਬਣੇ।

੧੫੮. ਗੁਰੂ ਤੇਗ਼ ਬਹਾਦਰ ਨੂੰ ਗੁਰਗੱਦੀ ਮਿਲਣ ਤੋਂ ਬਾਅਦ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਦਰਸ਼ਨਾਂ ਤੋਂ ਕਿਸ ਨੇ ਮਨਾ ਕੀਤਾ?

ਧੀਰਮਲੀਆਂ ਨੇ।

੧੫੯. ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਵੇਲੇ ਗੁਰੂ ਤੇਗ਼ ਬਹਾਦਰ ਜੀ ਕਿੱਥੇ ਗਏ ਹੋਏ ਸਨ?

ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਵੇਲੇ ਗੁਰੂ ਤੇਗ਼ ਬਹਾਦਰ ਜੀ ਅਸਾਮ ਵਿੱਚ ਉਥੋਂ ਦੇ ਰਾਜਿਆਂ ਵਿੱਚਕਾਰ ਸੁਲ੍ਹਾ ਕਰਾਉਣ ਗਏ ਸਨ।

੧੬੦. ਕਿੰਨੇ ਕਸ਼ਮੀਰੀ ਪੰਡਿਤ ਔਰੰਗਜੇਬ ਦੀ ਸ਼ਿਕਾਇਤ ਲੈ ਕੇ ਗੁਰੂ ਤੇਗ਼ ਬਹਾਦਰ ਜੀ ਕੋਲ ਆਏ?

੫੦੦ ਕਸ਼ਮੀਰੀ ਪੰਡਿਤ।

 © Sikh Society of Michigan, MI, USA

੧੬੧. ਉਹਨਾਂ ਪੰਡਿਤਾਂ ਦਾ ਆਗੂ ਕੌਣ ਸੀ?

ਪੰਡਿਤ ਕਿਰਪਾ ਰਾਮ ਜੋ ਗੁਰੂ ਗੋਬਿੰਦ ਸਿੰਘ ਜੀ ਦਾ ਸੰਸਕ੍ਰਿਤ ਦਾ ਅਧਿਆਪਕ ਵੀ ਰਿਹਾ ਸੀ।

੧੬੨. ਪੰਡਿਤਾਂ ਦੀ ਪੁਕਾਰ ਸੁਣ ਕੇ ਗੋਬਿੰਦ ਰਾਇ ਨੇ ਆਪਣੇ ਪਿਤਾ ਗੁਰੂ ਤੇਗ਼ ਬਹਾਦਰ ਜੀ ਨੂੰ ਕੀ ਕਿਹਾ?

ਗੋਬਿੰਦ ਰਾਇ ਨੇ ਗੁਰੂ ਤੇਗ਼ ਬਹਾਦਰ ਨੂੰ ਪੰਡਿਤਾਂ ਦੀ ਬਾਂਹ ਫੜਨ ਲਈ ਕਿਹਾ ਅਤੇ ਕਿਹਾ ਕੇ "ਆਪ ਨਾਲੋਂ ਹੋਰ ਵੱਧ ਧਰਮ-ਪੁਰਸ਼ ਕਿਹੜਾ ਹੋਵੇਗਾ"

੧੬੩. ਗੋਬਿੰਦ ਰਾਇ ਦੀ ਉਸ ਵੇਲੇ ਕਿੰਨੀ ਉਮਰ ਸੀ?

ਉਸ ਵੇਲੇ ਗੋਬਿੰਦ ਰਾਇ ਸਿਰਫ਼ ਨੌਂ ਸਾਲਾਂ ਦੇ ਸੀ।

੧੬੪. ਹੋਰ ਕਿਹੜੇ ਸਿੱਖ ਸਨ ਜੋ ਗੁਰੂ ਤੇਗ਼ ਬਹਾਦਰ ਜੀ ਨਾਲ ਪੰਡਿਤਾਂ ਦੀ ਰਹਿਨੁਮਾਈ ਕਰਨ ਲਈ ਦਿੱਲੀ ਪਹੁੰਚੇ?

ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਜੀ।

੧੬੫. ਔਰੰਗਜੇਬ ਨੇ ਗੁਰੂ ਤੇਗ਼ ਬਹਾਦਰ ਅਤੇ ਉਹਨਾਂ ਦੇ ਸਿੱਖਾਂ ਨੂੰ ਕੀ ਕਰਨ ਲਈ ਕਿਹਾ?

ਔਰੰਗਜੇਬ ਨੇ ਉਹਨਾਂ ਨੂੰ ਇਸਲਾਮ ਕਬੂਲ ਕਰਨ ਲਈ ਕਿਹਾ ਅਤੇ ਰਾਜ-ਭਾਗ ਦਾ ਲਾਲਚ ਦਿੱਤਾ।

੧੬੬. ਇਸਲਾਮ ਨਾ ਕਬੂਲਣ ਤੇ ਔਰੰਗਜੇਬ ਨੇ ਕੀ ਸਜਾ ਸੁਣਾਈ?

ਇਸਲਾਮ ਨਾ ਕਬੂਲਣ ਤੇ ਔਰੰਗਜੇਬ ਨੇ ਗੁਰੂ ਤੇਗ਼ ਬਹਾਦਰ ਜੀ ਦਾ ਸੀਸ ਕਲਮ ਕਰਨ ਅਤੇ ਬਾਕੀ ਸਰੀਰ ਦੇ ਟੋਟੇ ਕਰ ਕੇ ਸਾਰੇ ਸ਼ਹਿਰ ਵਿੱਚ ਟੰਗਣ ਲਈ ਕਿਹਾ।

੧੬੭. ਬਾਕੀ ਤਿੰਨ ਸਿੱਖਾਂ ਨੂੰ ਕਿਵੇਂ ਸ਼ਹੀਦ ਕੀਤਾ?

ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰਿਆ ਗਿਆ, ਭਾਈ ਸਤੀ ਜੀ ਨੂੰ ਰੂੰ ਵਿੱਚ ਲਪੇਟ ਕੇ ਜਿਓਂਦੇ ਜੀ ਅੱਗ ਲਾ ਦਿੱਤੀ ਗਈ, ਭਾਈ ਦਿਆਲਾ ਜੀ ਨੂੰ ਦੇਗ ਵਿੱਚ ਉਬਾਲਿਆ ਗਿਆ।

੧੬੮. ਗੁਰੂ ਤੇਗ਼ ਬਹਾਦਰ ਜੀ ਨੂੰ ਕਦੋਂ ਅਤੇ ਕਿੱਥੇ ਸ਼ਹੀਦ ਕੀਤਾ ਗਿਆ?

ਗੁਰੂ ਤੇਗ਼ ਬਹਾਦਰ ਜੀ ਨੂੰ ੧੧ ਨਵੰਬਰ ੧੬੭੫ ਈਸਵੀ ਨੂੰ ਦਿੱਲੀ ਦੇ ਚਾਂਦਨੀ ਚੌਕ ਵਿੱਚ ਸ਼ਹੀਦ ਕੀਤਾ ਗਿਆ।

੧੬੯. ਜਿੱਥੇ ਗੁਰੂ ਤੇਗ਼ ਬਹਾਦਰ ਜੀ ਨੂੰ ਸ਼ਹੀਦ ਕੀਤਾ ਗਿਆ ਉੱਥੇ ਕਿਹੜਾ ਗੁਰਦੁਆਰਾ ਹੈ?

ਗੁਰਦੁਆਰਾ ਸੀਸ ਗੰਜ ਸਾਹਿਬ, ਦਿੱਲੀ।

੧੭੦. ਗੁਰੂ ਤੇਗ਼ ਬਹਾਦਰ ਸਾਹਿਬ ਜੀ ਦਾ ਸੀਸ ਲੈ ਕੇ ਅਨੰਦਪੁਰ ਸਾਹਿਬ ਕੌਣ ਗਿਆ ਸੀ?

 © Sikh Society of Michigan, MI, USA

ਭਾਈ ਜੈਤਾ ਜੀ, ਜਿਸਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਗਲ ਨਾਲ ਲਾ ਕੇ

"ਰੰਘਰੇਟਾ ਗੁਰੂ ਕਾ ਬੇਟਾ" ਦਾ ਖ਼ਿਤਾਬ ਦਿੱਤਾ।

੧੭੧. ਗੁਰੂ ਤੇਗ਼ ਬਹਾਦਰ ਜੀ ਦੇ ਧੜ੍ਹ ਦਾ ਸਸਕਾਰ ਕਿਸ ਨੇ ਕੀਤਾ ਸੀ?

ਲੱਖੀ ਸ਼ਾਹ ਵਣਜਾਰੇ ਨੇ ਆਪਣੇ ਘਰ ਵਿੱਚ ਗੁਰੂ ਸਾਹਿਬ ਦੇ ਧੜ੍ਹ ਨੂੰ ਰੱਖ ਕੇ ਘਰ ਨੂੰ ਹੀ ਅੱਗ ਲਾ ਕੇ ਸੰਸਕਾਰ ਕਰ ਦਿੱਤਾ। ਇਸ ਜਗ੍ਹਾ ਅਤੇ ਹੁਣ ਗੁਰਦੁਆਰਾ ਰਕਾਬਗੰਜ ਹੈ।

੧੭੨. ਗੁਰੂ ਤੇਗ਼ ਬਹਾਦਰ ਸਾਹਿਬ ਦੇ ਸੀਸ ਦਾ ਕਿੱਥੇ ਸਸਕਾਰ ਕੀਤਾ ਗਿਆ?

ਸੀਸ ਗੰਜ ਸਾਹਿਬ, ਅਨੰਦਪੁਰ ਸਾਹਿਬ ਵਿਖੇ।

੧੭੩. ਗੁਰੂ ਤੇਗ਼ ਬਹਾਦਰ ਸਾਹਿਬ ਅੰਮ੍ਰਿਤਸਰ ਕਿੰਨਾ ਚਿਰ ਰਹੇ?

ਗੁਰੂ ਤੇਗ਼ ਬਹਾਦਰ ਸਾਹਿਬ ਅੰਮ੍ਰਿਤਸਰ ਨੌਂ ਸਾਲ ਰਹੇ।

੧੭੪. ਗੁਰੂ ਤੇਗ਼ ਬਹਾਦਰ ਸਾਹਿਬ ਬਾਬਾ ਬਕਾਲੇ (ਨਾਨਕਾ ਪਿੰਡ) ਕਿੰਨਾ ਚਿਰ ਰਹੇ?

ਗੁਰੂ ਤੇਗ਼ ਬਹਾਦਰ ਸਾਹਿਬ ਬਾਬਾ ਬਕਾਲੇ ੩੦ ਸਾਲ ਰਹੇ।

੧੭੫. ਗੁਰੂ ਤੇਗ਼ ਬਹਾਦਰ ਸਾਹਿਬ ਦੇ ਗੁਰੂ ਗ੍ਰੰਥ ਸਾਹਿਬ ਵਿੱਚ ਕਿੰਨੇ ਸ਼ਬਦ ਅਤੇ ਸਲੋਕ ਦਰਜ ਹਨ?

ਗੁਰੂ ਤੇਗ਼ ਬਹਾਦਰ ਸਾਹਿਬ ਦੇ ਗੁਰੂ ਗ੍ਰੰਥ ਸਾਹਿਬ ਵਿੱਚ ੫੯ ਸ਼ਬਦ ਅਤੇ ੫੭ ਸਲੋਕ ਦਰਜ਼ ਹਨ।

੧੭੬. ਗੁਰੂ ਗ੍ਰੰਥ ਸਾਹਿਬ ਵਿੱਚ ਕਿਹੜਾ ਰਾਗ ਸਿਰਫ਼ ਗੁਰੂ ਤੇਗ਼ ਬਹਾਦਰ ਜੀ ਨੇ ਹੀ ਵਰਤਿਆ ਹੈ?

ਜੈਜਾਵੰਤੀ ਰਾਗ ਸਿਰਫ਼ ਗੁਰੂ ਤੇਗ਼ ਬਹਾਦਰ ਜੀ ਨੇ ਹੀ ਗੁਰੂ ਗ੍ਰੰਥ ਸਾਹਿਬ ਵਿੱਚ ਵਰਤਿਆ।

੧੭੭. ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਕਿੱਥੇ ਅਤੇ ਕਦੋਂ ਹੋਇਆ?

ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ੨੨ ਦਸੰਬਰ, ੧੬੬੬ ਨੂੰ ਪਟਨਾ ਸਾਹਿਬ ਵਿਖੇ ਹੋਇਆ।

੧੭੮. ਗੁਰੂ ਗੋਬਿੰਦ ਸਿੰਘ ਜੀ ਦਾ ਬਚਪਨ ਦਾ ਕੀ ਨਾਂ ਸੀ?

ਗੁਰੂ ਗੋਬਿੰਦ ਸਿੰਘ ਜੀ ਦਾ ਬਚਪਨ ਦਾ ਨਾਂ ਗੋਬਿੰਦ ਰਾਇ ਸੀ।

੧੭੯. ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ ਪਿਤਾ ਦਾ ਕੀ ਨਾਂ ਸੀ?

ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ, ਮਾਤਾ ਗੁਜਰੀ ਜੀ ਅਤੇ ਪਿਤਾ, ਗੁਰੂ ਤੇਗ਼ ਬਹਾਦਰ ਜੀ ਸਨ।

੧੮੦. ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦੇ ਬਾਰੇ ਸੁਣ ਕੇ ਕਿਹੜਾ ਸੂਫ਼ੀ ਸੰਤ ਦਰਸ਼ਨ ਕਰਨ ਆਇਆ?


© Sikh Society of Michigan, MI, USA

ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦੇ ਬਾਰੇ ਸੁਣ ਕੇ ਸੱਯਦ ਭੀਖਮ ਸ਼ਾਹ ਦਰਸ਼ਨ ਕਰਨ ਆਇਆ ।

੧੮੧. ਗੁਰੂ ਤੇਗ਼ ਬਹਾਦਰ ਜੀ ਦੀ ਗ਼ੈਰ-ਹਾਜ਼ਰੀ ਵਿੱਚ ਗੋਬਿੰਦ ਰਾਇ ਦਾ ਪਾਲਣ-ਪੋਸ਼ਣ ਕਿਸ ਦੀ ਨਿਗਰਾਨੀ ਹੇਠ ਹੋਇਆ?

ਗੋਬਿੰਦ ਰਾਇ ਦਾ ਪਾਲਣ-ਪੋਸ਼ਣ ਉਹਨਾਂ ਦੇ ਮਾਮਾ ਜੀ ਕਿਰਪਾਲ ਚੰਦ ਦੀ ਨਿਗਰਾਨੀ ਹੇਠ ਹੋਇਆ।

੧੮੨. ਗੁਰੂ ਗੋਬਿੰਦ ਸਿੰਘ ਜੀ ਪਟਨਾ ਸਾਹਿਬ ਕਿੰਨਾ ਚਿਰ ਰਹੇ?

ਗੁਰੂ ਗੋਬਿੰਦ ਸਿੰਘ ਜੀ ਪਟਨਾ ਸਾਹਿਬ ੫ ਸਾਲ ਰਹੇ।

੧੮੩. ਪਟਨੇ ਤੋਂ ਅਨੰਦਪੁਰ ਜਾਣ ਲਗਿਆਂ ਰਾਜਾ ਫ਼ਤਹਿ ਚੰਦ ਦੀ ਰਾਣੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਕੀ ਪ੍ਰੇਮ ਭੇਟਾ ਕੀਤਾ?

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਪੁਸ਼ਾਕ, ਕਿਰਪਾਨ ਅਤੇ ਕਟਾਰ ਦਿੱਤੀ ਜੋ ਅੱਜ ਵੀ ਗੁਰਦੁਆਰਾ ਮੈਨੀ ਸੰਗਤ ਵਿੱਚ ਮੌਜੂਦ ਹੈ।

੧੮੪. ਰਾਜਾ ਫ਼ਤਹਿ ਚੰਦ ਨੇ ਗੁਰੂ ਜੀ ਦੀ ਯਾਦ ਵਿੱਚ ਕਿਹੜਾ ਗੁਰਦੁਆਰਾ ਬਣਵਾਇਆ?

ਰਾਜਾ ਫ਼ਤਹਿ ਚੰਦ ਨੇ ਗੁਰੂ ਜੀ ਦੀ ਯਾਦ ਗੁਰਦੁਆਰਾ ਮੈਣੀ ਸੰਗਤ ਬਣਵਾਇਆ।

੧੮੫. ਗੁਰੂ ਗੋਬਿੰਦ ਸਿੰਘ ਜੀ ਕਿੰਨੀ ਉਮਰ ਵਿੱਚ ਗੁਰਗੱਦੀ ਤੇ ਬੈਠੇ?

ਗੁਰੂ ਗੋਬਿੰਦ ਸਿੰਘ ਜੀ ਨੌਂ ਸਾਲ ਦੀ ਉਮਰ ਵਿੱਚ ਗੁਰਗੱਦੀ ਤੇ ਬੈਠੇ।

੧੮੬. ਗੁਰੂ ਗੋਬਿੰਦ ਸਿੰਘ ਜੀ ਨੇ ਆਉਣ ਵਾਲੇ ਸਮੇਂ ਨੂੰ ਵੇਖਦਿਆਂ ਕਿਹੜੀਆਂ ਤਿਆਰੀਆਂ ਕੀਤੀਆਂ?

ਗੁਰੂ ਗੋਬਿੰਦ ਸਿੰਘ ਜੀ ਨੇ ਆਉਣ ਵਾਲੇ ਸਮੇਂ ਨੂੰ ਵੇਖਦਿਆਂ ਹੇਠ ਲਿਖੀਆਂ ਤਿਆਰੀਆਂ ਕੀਤੀਆਂ:

੧: ਸਿੱਖ ਨੌਜਵਾਨਾਂ ਦੀ ਸ਼ਸਤਰ ਵਿੱਦਿਆ, ਘੋੜਸਵਾਰੀ ਅਤੇ ਸ਼ਿਕਾਰ ਖੇਡਣ ਵੱਲ ਰੁਚੀ ਵਧਾਉਣਾ।

੨: ਸੰਗਤਾਂ ਨੂੰ ਸ਼ਸਤਰ ਅਤੇ ਵਧੀਆ ਘੋੜੇ ਭੇਟ ਕਰਨ ਲਈ ਪ੍ਰੇਰਨਾ।

੩: ਸ੍ਰੀ ਅਨੰਦਪੁਰ ਸਾਹਿਬ ਵਿੱਚ ਜੰਗੀ ਮਸ਼ਕਾਂ ਆਰੰਭ ਕੀਤੀਆਂ ਅਤੇ ਸ਼ਸਤਰ ਬਣਾਉਣ ਦੇ ਕਾਰਖ਼ਾਨੇ ਲਾਏ।

੫: ਕਿਲ੍ਹਿਆਂ ਦੀ ਉਸਾਰੀ ਕੀਤੀ।

੧੮੭. ਅਨੰਦਪੁਰ ਸਾਹਿਬ ਵਿਖੇ ਕਿਹੜੇ ਪੰਜ ਕਿਲ੍ਹੇ ਗੁਰੂ ਗੋਬਿੰਦ ਸਿੰਘ ਜੀ ਨੇ ਬਣਵਾਏ?

੧: ਨਿਰਮੋਹ ਗੜ੍ਹ, ਹੋਲ ਗੜ੍ਹ, ਲੋਹ ਗੜ੍ਹ

 © Sikh Society of Michigan, MI, USA

੨: ਫ਼ਤਿਹ ਗੜ੍ਹ ਸਾਹਿਬ, ਕੇਸ ਗੜ੍ਹ, ਅਨੰਦ ਗੜ੍ਹ

੧੮੮. ਜਦੋਂ ਰਾਜਾ ਰਾਮ ਸਿੰਘ ਗੁਰੂ ਦਰਬਾਰ ਵਿੱਚ ਆਇਆ ਤਾਂ ਉਸਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਕੀ ਭੇਟ ਕੀਤਾ?

ਰਾਜਾ ਰਾਮ ਸਿੰਘ ਨੇ ਗੁਰੂ ਸਾਹਿਬ ਨੂੰ ਪੰਜ ਵਧੀਆ ਘੋੜੇ ਭੇਟ ਕੀਤੇ।

੧੮੯. ਰਾਜਾ ਰਤਨ ਰਾਏ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਕੀ ਭੇਟ ਕੀਤਾ?

ਰਾਜਾ ਰਤਨ ਰਾਏ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਪਰਸ਼ਾਦੀ ਹਾਥੀ ਅਤੇ ਪੰਜ ਕਲਾ ਸ਼ਸਤਰ ਗੁਰੂ ਜੀ ਨੂੰ ਭੇਂਟ ਕੀਤੇ।

੧੯੦. ਪਸ਼ਮੀਨੇ ਦੀ ਚਾਨਣੀ ਗੁਰੂ ਗੋਬਿੰਦ ਸਿੰਘ ਜੀ ਨੂੰ ਕਿਸਨੇ ਭੇਂਟ ਕੀਤੀ?

ਪਸ਼ਮੀਨੇ ਦੀ ਚਾਨਣੀ ਗੁਰੂ ਗੋਬਿੰਦ ਸਿੰਘ ਜੀ ਨੂੰ ਕਾਬੁਲ ਦੇ ਗੁਰਸਿੱਖ ਭਾਈ ਦੁਨੀ ਚੰਦ ਨੇ ਭੇਂਟ ਕੀਤੀ।

੧੯੧. ਰਣਜੀਤ ਨਗਾਰਾ ਕਦੋਂ ਅਤੇ ਕਿੱਥੇ ਸ਼ੁਰੂ ਹੋਇਆ?

੧੬੮੨ ਵਿੱਚ ਕਿੱਲਾ ਅਨੰਦਗੜ੍ਹ ਵਿਖੇ ਰਣਜੀਤ ਨਗਾਰਾ ਸ਼ੁਰੂ ਹੋਇਆ।

੧੯੨. ਪਹਾੜੀ ਰਾਜੇ ਗੁਰੂ ਗੋਬਿੰਦ ਸਿੰਘ ਜੀ ਨਾਲ ਕਿਉਂ ਈਰਖਾ ਰੱਖਦੇ ਸਨ?

ਗੁਰੂ ਗੋਬਿੰਦ ਸਿੰਘ ਜੀ ਦੀ ਵਧਦੀ ਲੋਕਪ੍ਰਿਯਤਾ, ਸ਼ਾਹੀ ਠਾਠ, ਸੰਗਤ ਅਤੇ ਪੰਗਤ, ਜਾਤਪਾਤ ਦਾ ਫ਼ਰਕ ਖ਼ਤਮ ਕਰਨਾ, ਰਹਿਤ ਪ੍ਰਚਾਰ, ਕਿੱਲ੍ਹਿਆਂ ਦੀ ਉਸਾਰੀ ਅਤੇ ਨਗਾਰੇ ਦੀਆਂ ਚੋਟਾਂ ਪਹਾੜੀ ਰਾਜਿਆਂ ਨੂੰ ਬਹੁਤ ਚੁਭਦੀਆਂ ਸਨ।

੧੯੩. ਗੁਰੂ ਗੋਬਿੰਦ ਸਿੰਘ ਜੀ ਅਤੇ ਪਹਾੜੀ ਰਾਜਿਆਂ ਦੀ ਪਹਿਲੀ ਲੜਾਈ ਕਦੋਂ ਤੇ ਕਿੱਥੇ ਹੋਈ?

ਪਹਿਲੀ ਲੜਾਈ ਗੁਰੂ ਗੋਬਿੰਦ ਸਿੰਘ ਜੀ ਅਤੇ ਕਹਿਲੂਰ ਦੇ ਰਾਜੇ ਭੀਮ ਚੰਦ ਦੇ ਵਿੱਚਕਾਰ ਭੰਗਾਣੀ ਵਿਖੇ ਫਰਵਰੀ ੧੬੮੯ ਈਸਵੀ ਨੂੰ ਹੋਈ। ਇਸ ਲੜਾਈ ਵਿੱਚ ਪਹਾੜੀ ਰਾਜਿਆਂ ਦੀ ਹਾਰ ਹੋਈ।

੧੯੪. ਭੰਗਾਣੀ ਦੇ ਯੁੱਧ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੂੰ ਲੱਕੜ ਦੀਆਂ ਦੋ ਤੋਪਾਂ ਕਿਸਨੇ ਭੇਂਟ ਕੀਤੀਆਂ?

ਕਾਸ਼ੀ ਨਿਵਾਸੀ ਭਾਈ ਰਾਮਾ ਜੀ ਨੇ ਭੰਗਾਣੀ ਦੇ ਯੁੱਧ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੂੰ ਤੋਪਾਂ ਭੇਂਟ ਕੀਤੀਆਂ।

੧੯੫. ਹੋਲਾ ਮਹੱਲਾ ਤੋਂ ਕੀ ਭਾਵ ਹੈ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਕਿਉਂ ਸ਼ੁਰੂ ਕੀਤਾ?

ਹੋਲਾ ਤੋਂ ਭਾਵ ਹੈ ਹਮਲਾ ਅਤੇ ਮਹੱਲਾ ਤੋਂ ਭਾਵ ਹੈ ਥਾਂ। ਗੁਰੂ ਜੀ ਨੇ ਸਿੱਖਾਂ ਵਿੱਚ ਬੀਰ ਰਸ ਭਰਨ ਅਤੇ ਉਹਨਾਂ ਨੂੰ ਸ਼ਸਤਰ-ਵਿੱਦਿਆ ਸਿਖਾਉਣ ਲਈ ਹੋਲਾ ਮਹੱਲਾ ਸ਼ੁਰੂ ਕੀਤਾ।


© Sikh Society of Michigan, MI, USA

੧੯੬. ਗੁਰੂ ਗੋਬਿੰਦ ਸਿੰਘ ਜੀ ਹੋਲੇ ਮਹੱਲੇ ਨੂੰ ਕਿਵੇਂ ਮਨਾਉਂਦੇ ਸਨ?

ਗੁਰੂ ਗੋਬਿੰਦ ਸਿੰਘ ਜੀ ਬਸੰਤ ਦੇ ਦਿਨਾਂ ਵਿੱਚ ਹੋਲਾ ਮਹੱਲਾ ਮਨਾਉਂਦੇ ਸਨ। ਇਸ ਦਿਨ ਸਿੱਖਾਂ ਤੋਂ ਸ਼ਸਤਰਾਂ ਨਾਲ ਕਰਤਬ ਕਰਾਉਂਦੇ ਸਨ ਅਤੇ ਵਧੀਆ ਪ੍ਰਦਰਸ਼ਨ ਕਰਨ ਵਾਲਿਆਂ ਨੂੰ ਇਨਾਮ ਅਤੇ ਤੋਹਫ਼ੇ ਦਿੱਤੇ ਜਾਂਦੇ ਸਨ। ਅਤੇ ਇਸ ਖ਼ੁਸ਼ੀ ਵਿੱਚ ਉਹਨਾਂ ਉਤੇ ਕੇਸਰ ਦੀ ਤਨਕਾਈ ਕੀਤੀ ਜਾਂਦੀ ਸੀ।

੧੯੭. ਖ਼ਾਲਸਾ ਪੰਥ ਦੀ ਸਾਜਨਾ ਕਦੋਂ ਹੋਈ?

ਗੁਰੂ ਗੋਬਿੰਦ ਸਿੰਘ ਜੀ ਨੇ ੧੩ ਅਪ੍ਰੈਲ ੧੬੯੯ ਵਾਲੇ ਦਿਨ ਕੀਤੀ।

੧੯੮. ਖ਼ਾਲਸਾ ਸਾਜਣ ਵੇਲੇ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਮੁਤਾਬਕ ਕਿਹੜੇ ਪੰਜ ਪਿਆਰਿਆਂ ਨੇ ਆਪਣੇ ਸੀਸ ਭੇਂਟ ਕੀਤੇ?

ਭਾਈ ਦਇਆ ਰਾਮ – ਲਹੌਰ, ਪੰਜਾਬ ਤੋਂ – ਭਾਈ ਦਇਆ ਸਿੰਘ

ਭਾਈ ਧਰਮ ਦਾਸ – ਹਸਤਿਨਾਪੁਰ, ਦਿੱਲੀ ਤੋਂ – ਭਾਈ ਧਰਮ ਸਿੰਘ

ਭਾਈ ਹਿੰਮਤ ਰਾਇ – ਜਗੰਨਾਥਪੁਰੀ, ਉੜੀਸਾ ਤੋਂ – ਭਾਈ ਹਿੰਮਤ ਸਿੰਘ

ਭਾਈ ਮੋਹਕਮ ਚੰਦ – ਦਵਾਰਕਾ, ਗੁਜਰਾਤ ਤੋਂ – ਭਾਈ ਮੋਹਕਮ ਸਿੰਘ

ਭਾਈ ਸਾਹਿਬ ਚੰਦ – ਬਿਦਰ, ਆਂਧਰਾ ਪ੍ਰਦੇਸ਼ ਤੋਂ – ਭਾਈ ਸਾਹਿਬ ਸਿੰਘ

੧੯੯. ੧੬੯੯ ਦੀ ਵੈਸਾਖੀ ਅਤੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਉਹਨਾਂ ਕੋਲੋਂ ਅੰਮ੍ਰਿਤ ਕਿਉਂ ਛਕਿਆ?

ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਗੁਰੂ ਚੇਲੇ ਨੂੰ ਅਭੇਦ ਕੀਤਾ ਅਤੇ ਗੁਰੂ ਪੰਥ ਦਾ ਨਾਂ ਦੇ ਕੇ ਸਤਕਾਰਿਆ ਅਤੇ ਗੋਬਿੰਦ ਰਾਇ ਤੋਂ ਗੋਬਿੰਦ ਸਿੰਘ ਬਣੇ।

੨੦੦. ਇਸ ਤਰ੍ਹਾਂ ਅੰਮ੍ਰਿਤ ਛਕਾਉਣ ਦੀ ਰਸਮ ਦਾ ਕਿਹਣਾ ਲੋਕਾਂ ਨੇ ਵਿਰੋਧ ਕੀਤਾ?

ਮੀਣੇ, ਧੀਰਮੱਲੀਏ, ਅਤੇ ਰਾਮ ਰਈਏ; ਜਿਹਨਾ ਨਾਲ ਮਿਲਣ ਤੋਂ ਗੁਰੂ ਸਾਹਿਬ ਨੇ ਸਿੱਖਾਂ ਨੂੰ ਵਰਜਿਆ।

੨੦੧. ੧੬੯੯ ਦੀ ਵੈਸਾਖੀ ਤੋਂ ਬਾਅਦ ਕਿੰਨੇ ਲੋਕਾਂ ਨੇ ਅੰਮ੍ਰਿਤ ਛਕਿਆ?

੧੬੯੯ ਦੀ ਵੈਸਾਖੀ ਤੋਂ ਬਾਅਦ ੮0000 ਲੋਕਾਂ ਨੇ ਅੰਮ੍ਰਿਤ ਛਕਿਆ।

੨੦੨. ਖੰਡਾ ਕੀ ਹੈ?

ਖੰਡਾ ਦੋ ਧਾਰੀ ਤਲਵਾਰ ਵਰਗਾ ਇਕ ਸ਼ਸਤਰ ਹੈ।


© Sikh Society of Michigan, MI, USA

੨੦੩. ਸ੍ਰੀ ਅਨੰਦਪੁਰ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਨੇ ਕਿੰਨੇ ਯੁੱਧ ਲੜੇ?

ੳ੭੦੧ ਈਸਵੀ ਤੋਂ ਲੈ ਕੇ ੧੭੦੪ ਈਸਵੀ ਤੱਕ ਗੁਰੂ ਸਾਹਿਬ ਨੂੰ ਅਨੰਦਪੁਰ ਵਿਖੇ ਚਾਰ ਯੁੱਧ ਲੜਨੇ ਪਏ।

੨੦੪. ਸ੍ਰੀ ਅਨੰਦਪੁਰ ਸਾਹਿਬ ਦੀ ਪਹਿਲੀ ਜੰਗ ਵਿੱਚ ਰਾਜਾ ਕੇਸਰੀ ਚੰਦ ਦਾ ਸਿਰ ਕਿਸ ਨੇ ਲਾਹਿਆ?

ਭਾਈ ਉਦੇ ਸਿੰਘ ਨੇ ਹਾਥੀ ਅਤੇ ਚੜ੍ਹ ਕੇ ਰਾਜਾ ਕੇਸਰੀ ਚੰਦ ਦਾ ਸਿਰ ਲਾਹਿਆ।

੨੦੫. ਸ੍ਰੀ ਅਨੰਦਪੁਰ ਦੀ ਜੰਗ ਵਿੱਚ ਹਾਥੀ ਦੇ ਸਿਰ ਵਿੱਚ ਨਾਗਨੀ ਬਰਛਾ ਕਿਸ ਨੇ ਮਾਰਿਆ?

ਹਾਥੀ ਦੇ ਸਿਰ ਵਿੱਚ ਭਾਈ ਬਚਿੱਤਰ ਸਿੰਘ ਜੀ ਨੇ ਨਾਗਨੀ ਬਰਛਾ ਮਾਰਿਆ।

੨੦੬. ਸ੍ਰੀ ਅਨੰਦਪੁਰ ਦੀ ਜੰਗ ਵਿੱਚ ਫੱਟੜ ਸਿਪਾਹੀਆਂ ਨੂੰ ਬਗ਼ੈਰ ਕਿਸੇ ਵਿਤਕਰੇ ਦੇ ਕਿਸ ਨੇ ਜਲ ਛਕਾਇਆ ਅਤੇ ਮਰਹਮ ਪੱਟੀ ਕੀਤੀ?

ਭਾਈ ਘਨੱਈਆ ਜੀ ਨੇ ਅਤੇ ਆਪਣਿਆਂ ਦੇ ਨਾਲ-ਨਾਲ ਦੁਸ਼ਮਣ ਫੱਟੜ ਸਿਪਾਹੀਆਂ ਨੂੰ ਵੀ ਜਲ ਛਕਾਇਆ ਅਤੇ ਮਰਹਮ ਪੱਟੀ ਕੀਤੀ।

੨੦੭. ਸ੍ਰੀ ਅਨੰਦਪੁਰ ਸਾਹਿਬ ਛੱਡਣ ਤੋਂ ਬਾਅਦ ਕਦੋਂ ਅਤੇ ਕਿੱਥੇ ਪਰਵਾਰ ਵਿੱਛੋੜਾ ਪਿਆ?

੨੦ ਦਸੰਬਰ ੧੭੦੪ ਈਸਵੀ ਨੂੰ ਸਰਸਾ ਨਦੀ ਦੇ ਕੰਢੇ ਗੁਰੂ ਗੋਬਿੰਦ ਸਿੰਘ ਜੀ ਦਾ ਪਰਵਾਰ ਤਿੰਨ ਹਿੱਸਿਆਂ ਵਿੱਚ ਵੰਡਿਆ ਗਿਆ। ਮਾਤਾ ਸੁੰਦਰ ਕੌਰ ਅਤੇ ਮਾਤਾ ਸਾਹਿਬ ਕੌਰ ਭਾਈ ਮਨੀ ਸਿੰਘ ਨਾਲ ਦਿੱਲੀ ਨੂੰ ਚਲੇ ਗਏ, ਵੱਡੇ ਸਾਹਿਬਜਾਦੇ ਅਜੀਤ ਸਿੰਘ ਅਤੇ ਜੁਝਾਰ ਸਿੰਘ ਗੁਰੂ ਸਾਹਿਬਾਨ ਨਾਲ ਚਮਕੌਰ ਜਾ ਪੁੱਜੇ, ਮਾਤਾ ਗੁਜਰੀ ਸਾਹਿਬਜਾਦੇ ਜੋਰਾਵਰ ਸਿੰਘ ਅਤੇ ਫਤੇਹ ਸਿੰਘ ਗੰਗੂ ਬਾਹਮਣ ਨਾਲ ਖੇੜੀ ਪਿੰਡ ਜਾ ਪਹੁੰਚੇ।

੨੦੮. ਮਾਤਾ ਗੁਜਰੀ ਅਤੇ ਛੋਟੇ ਸਾਹਿਬਜਾਦਿਆਂ ਨਾਲ ਕਿਸ ਨੇ ਵਿਸ਼ਵਾਸਘਾਤ ਕੀਤਾ?

ਗੰਗੂ ਬਾਹਮਣ ਨੇ ਸੋਨੇ ਅਤੇ ਪੈਸਿਆਂ ਦਾ ਲਾਲਚ ਕਰ ਕੇ ਮਾਤਾ ਗੁਜਰੀ ਅਤੇ ਦੋਨੋਂ ਸਾਹਿਬਜਾਦਿਆਂ ਨੂੰ ਸੂਬਾ ਸਰਹੰਦ ਕੋਲ ਫੜਾ ਦਿੱਤਾ।

੨੦੯. ਮਾਤਾ ਗੁਜਰੀ ਨੂੰ ਦੋਵੇਂ ਸਾਹਿਬਜਾਦਿਆਂ ਸਮੇਤ ਕਿੱਥੇ ਕੈਦ ਕੀਤਾ ਗਿਆ?

ਸੰਮਨ ਬੁਰਜ ਸਰਹੰਦ ਵਿਖੇ ਮਾਤਾ ਗੁਜਰੀ ਨੂੰ ਦੋਵੇਂ ਸਾਹਿਬਜਾਦਿਆਂ ਸਮੇਤ ਕੈਦ ਕੀਤਾ ਗਿਆ।

੨੧੦. ਉਸ ਗੁਰਦੁਆਰੇ ਦਾ ਨਾਂ ਦੱਸੋ ਜਿੱਥੇ ਛੋਟੇ ਸਾਹਿਬਜਾਦਿਆਂ ਨੂੰ ਜਿਓਂਦੇ-ਜੀ ਨੀਹਾਂ ਵਿੱਚ ਚਿਣ ਦਿਤਾ ਗਿਆ?

ਗੁਰਦੁਆਰਾ ਫਤਹਿਗੜ੍ਹ ਸਾਹਿਬ ਜਿਸ ਨੂੰ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਬਣਵਾਇਆ।


© Sikh Society of Michigan, MI, USA

੨੧੧. ਉਸ ਵਿਅਕਤੀ ਦਾ ਨਾਂ ਦੱਸੋ ਜਿਸ ਨੇ ਸਰਹੰਦ ਦੇ ਨਵਾਬ ਤੋਂ ਜਗ੍ਹਾ ਮੁੱਲ ਲੈ ਕੇ ਛੋਟੇ ਸਾਹਿਬਜਾਦਿਆਂ ਦਾ ਸਸਕਾਰ ਕੀਤਾ?

ਟੋਡਰਮਲ ਨੇ ਸੋਨੇ ਦੀਆਂ ਮੋਹਰਾਂ ਵਿੱਛਾ ਕੇ ਧਰਤੀ ਮੁੱਲ ਲਈ ਸੀ।

੨੧੨. ਜਦੋਂ ਚਮਕੌਰ ਦੀ ਗੜ੍ਹੀ ਨੂੰ ਮੁਗ਼ਲਾਂ ਵੱਲੋਂ ਘੇਰਾ ਪਾਇਆ ਗਿਆ ਤਾਂ ਕਿਸ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਗੜ੍ਹੀ ਛੱਡਣ ਲਈ ਕਿਹਾ?

ਗੁਰੂ ਗੋਬਿੰਦ ਸਿੰਘ ਦੇ ਨਾਲ ਜੋ ਸਿੰਘ ਸੀ ਉਹਨਾਂ ਨੇ ਪੰਜ ਪਿਆਰਿਆਂ ਦੇ ਰੂਪ ਵਿੱਚ ਗੜ੍ਹੀ ਛੱਡ ਜਾਣ ਲਈ ਹੁਕਮ ਕੀਤਾ।

੨੧੩. ਜਦੋਂ ਗੁਰੂ ਜੀ ਅੱਧੀ ਰਾਤੀਂ ਚਮਕੌਰ ਦੀ ਗੜ੍ਹੀ ਵਿੱਚੋਂ ਬਾਹਰ ਜਾ ਰਹੇ ਸਨ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਤਾੜੀ ਮਾਰ ਕੇ ਕੀ ਕਿਹਾ?

"ਪੀਰੇ-ਹਿੰਦ ਮੇ ਰਵਦਿ" ਮਤਲਬ "ਹਿੰਦ ਦਾ ਪੀਰ ਜਾ ਰਿਹਾ ਹੈ ਜਿਸ ਦੀ ਹਿੰਮਤ ਹੈ ਫੜ ਲਵੋ"।

੨੧੪. ਗੁਰੂ ਜੀ ਨੇ ਗੜ੍ਹੀ ਵਿੱਚੋਂ ਜਾਣ ਸਮੇਂ ਆਪਣੀ ਪੁਸ਼ਾਕ ਤੇ ਕਲਗ਼ੀ ਕਿਸ ਸਿੰਘ ਨੂੰ ਪੁਆ ਕੇ ਖੜਾ ਕੀਤਾ ਅਤੇ ਕਿਉਂ?

ਗੁਰੂ ਗੋਬਿੰਦ ਸਿੰਘ ਜੀ ਅਤੇ ਭਾਈ ਸੰਗਤ ਸਿੰਘ ਜੀ ਦੀ ਸ਼ਕਲ ਬਹੁਤ ਮਿਲਦੀ ਸੀ ਅਤੇ ਮੁਗ਼ਲ ਫ਼ੌਜ ਨੂੰ ਭੁਲੇਖਾ ਪਾਉਣ ਲਈ ਗੁਰੂ ਸਾਹਿਬ ਨੇ ਆਪਣੀ ਪੁਸ਼ਾਕ ਅਤੇ ਕਲਗ਼ੀ ਸੰਗਤ ਸਿੰਘ ਨੂੰ ਪੁਆਈ।

੨੧੫. ਚਮਕੌਰ ਦੀ ਗੜ੍ਹੀ ਛੱਡਣ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਕਿੱਥੇ ਗਏ?

ਗੁਰੂ ਗੋਬਿੰਦ ਸਿੰਘ ਜੀ ਨੰਗੇ ਪੈਰੀਂ ਮਾਛੀਵਾੜੇ ਦੇ ਜੰਗਲਾਂ ਵਿੱਚ ਪਹੁੰਚੇ।

੨੧੬. ਗੁਰੂ ਗੋਬਿੰਦ ਸਿੰਘ ਜੀ ਦੀ ਮੁਗ਼ਲ ਕੈਂਪ ਵਿੱਚੋਂ ਲੰਘਣ ਵੇਲੇ ਕਿਸ ਨੇ ਮਦਦ ਕੀਤੀ?

ਗੁਰੂ ਗੋਬਿੰਦ ਸਿੰਘ ਜੀ ਦੀ ਮੁਗ਼ਲ ਕੈਂਪ ਵਿੱਚੋਂ ਲੰਘਣ ਵੇਲੇ ਦੋ ਪਠਾਣਾਂ, ਨਬੀ ਖਾਨ ਅਤੇ ਗਨੀ ਖਾਨ, ਨੇ ਮਦਦ ਕੀਤੀ।

੨੧੭. ਉਸ ਕਾਜੀ ਦਾ ਨਾਂ ਦੱਸੋ ਜਿਸ ਕੋਲੋਂ ਉੱਚ ਦੇ ਪੀਰ ਦੀ ਪਛਾਣ ਕਰਾਈ ਗਈ?

ਕਾਜੀ ਮੀਰ ਮੁਹੰਮਦ, ਜੋ ਗੁਰੂ ਗੋਬਿੰਦ ਸਿੰਘ ਜੀ ਦੇ ਫ਼ਾਰਸੀ ਦੇ ਅਧਿਆਪਕ ਸਨ।

੨੧੮. ਛੋਟੇ ਸਾਹਿਬਜਾਦਿਆਂ ਦੀ ਸ਼ਹੀਦੀ ਦੀ ਖ਼ਬਰ ਗੁਰੂ ਗੋਬਿੰਦ ਸਿੰਘ ਜੀ ਨੂੰ ਕਿਸਨੇ ਦਿੱਤੀ?

ਪਿੰਡ ਜੱਟਪੁਰਾ, ਜਿਲ੍ਹਾ ਲੁਧਿਆਣੇ ਵਿੱਚ ਭਾਈ ਰਾਇ ਕੱਲਾ ਨੇ ਗੁਰੂ ਸਾਹਿਬ ਨੂੰ ਸਾਹਿਬਜਾਦਿਆਂ ਦੀ ਸ਼ਹੀਦੀ ਬਾਰੇ ਦੱਸਿਆ।

੨੧੯. ਗੁਰੂ ਗੋਬਿੰਦ ਸਿੰਘ ਜੀ ਨੇ ਛੋਟੇ ਸਾਹਿਬਜਾਦਿਆਂ ਦੀ ਸ਼ਹੀਦੀ ਬਾਰੇ ਸੁਣ ਕੇ ਕੀ ਕਿਹਾ?


© Sikh Society of Michigan, MI, USA

ਗੁਰੂ ਜੀ ਨੇ ਤੀਰ ਦੀ ਨੋਕ ਨਾਲ ਇਕ ਘਾਹੀ ਦਾ ਬੂਟਾ ਪੁੱਟਿਆ ਅਤੇ ਕਿਹਾ ਕਿ ਮੁਗ਼ਲ ਰਾਜ ਦੀਆਂ ਜੜ੍ਹਾਂ ਵੀ ਏਸੇ ਤਰ੍ਹਾਂ ਪੁੱਟੀਆਂ ਜਾਣ ਗੀਆਂ।

੨੨੦. ਭੰਗਾਣੀ ਦੇ ਯੁੱਧ ਵਿੱਚ ਕਿਸਨੇ ਗੁਰੂ ਗੋਬਿੰਦ ਸਿੰਘ ਜੀ ਦਾ ਸਾਥ ਛੱਡਿਆ ਸੀ?

ਪਠਾਣਾ ਨੇ।

੨੨੧. ਭੰਗਾਣੀ ਦੇ ਯੁੱਧ ਵਿੱਚ ਕਿਸ ਮੁਸਲਮਾਨ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਸਹਾਇਤਾ ਕੀਤੀ?

ਪੀਰ ਬੁੱਧੂ ਸ਼ਾਹ ਆਪਣੇ ਭਰਾ, ਭਤੀਜੇ ਪੁੱਤਰਾਂ ਅਤੇ ਹੋਰ ਰਿਸ਼ਅਤੇਦਾਰਾਂ ਸਮੇਤ ਗੁਰੂ ਜੀ ਦੀ ਮਦਦ ਲਈ ਆ ਪਹੁੰਚੇ। ਇਸ ਯੁੱਧ ਵਿੱਚ ਪੀਰ ਬੁੱਧੂ ਸ਼ਾਹ ਦੇ ਭਰਾ ਅਤੇ ਪੁੱਤਰਾਂ ਸਮੇਤ ਬਹੁਤ ਸਾਰੇ ਮੁਰੀਦ ਸ਼ਹੀਦ ਹੋ ਗਏ।

੨੨੨. ਚਮਕੌਰ ਦੀ ਜੰਗ ਵਿੱਚ ਸ਼ਹੀਦ ਹੋਏ ਸਾਹਿਬਜਾਦਿਆਂ ਅਤੇ ਸਿੰਘਾਂ ਦਾ ਸਸਕਾਰ ਕਿਸਨੇ ਕੀਤਾ?

ਚਮਕੌਰ ਦੀ ਜੰਗ ਵਿੱਚ ਸ਼ਹੀਦ ਹੋਏ ਸਾਹਿਬਜਾਦਿਆਂ ਅਤੇ ਸਿੰਘਾਂ ਦਾ ਸਸਕਾਰ ਬੀਬੀ ਸ਼ਰਨ ਕੌਰ ਨੇ ਕੀਤਾ।

੨੨੩. ਪੀਰ ਬੁੱਧੂ ਸ਼ਾਹ ਵੱਲੋਂ ਭੰਗਾਣੀ ਦੇ ਯੁੱਧ ਵਿੱਚ ਕੀਤੀ ਸਹਾਇਤਾ ਤੇ ਖ਼ੁਸ਼ ਹੋ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਉਹਨਾਂ ਨੂੰ ਕੀ ਤੋਹਫ਼ਾ ਦਿੱਤਾ?

ਪੀਰ ਬੁੱਧੂ ਸ਼ਾਹ ਵੱਲੋਂ ਭੰਗਾਣੀ ਦੇ ਯੁੱਧ ਵਿੱਚ ਕੀਤੀ ਸਹਾਇਤਾ ਤੇ ਖ਼ੁਸ਼ ਹੋ ਕੇ ਗੁਰੂ ਗੋਬਿੰਦ ਸਿੰਘ ਜੀ ਇਕ ਕੰਘਾ ਕੇਸਾਂ ਸਮੇਤ, ਇਕ ਕਿਰਪਾਨ ਅਤੇ ਦਸਤਾਰ ਦਿੱਤੀ।

੨੨੪. ਗੁਰੂ ਗੋਬਿੰਦ ਸਿੰਘ ਅੱਗੇ ਬਹਾਦੁਰੀ ਦੀ ਡੀਂਗ ਕਿਸਨੇ ਮਾਰੀ ਸੀ?

ਭਾਈ ਡੱਲੇ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਕਿਹਾ "ਆਹ ਤੇਰੇ ਸਿਪਾਹੀ ਤਾਂ ਭੁੱਖ ਦੇ ਮਰੇ ਹੋਏ ਨੇ। ਤੁਸੀਂ ਮੈਨੂੰ ਜੰਗ ਸਮੇਂ ਸੱਦ ਭੇਜਦੇ ਮੇਰੇ ਕੋਲ ਬਹੁਤ ਸੁਡੋਲ ਅਤੇ ਬਹਾਦਰ ਸਿਪਾਹੀ ਹਨ।’’

੨੨੫. ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਬੰਦੂਕ ਦੀ ਪਰਖ ਵਾਸਤੇ ਡੱਲੇ ਦੇ ਸਿਪਾਹੀਆਂ ਨੂੰ ਸੱਦ ਭੇਜਿਆ ਤਾਂ ਉਹਨਾਂ ਨੇ ਕੀ ਉੱਤਰ ਦਿੱਤਾ?

ਡੱਲੇ ਦੇ ਸਿਪਾਹੀ ਇਕ-ਦੂਜੇ ਦੇ ਪਿੱਛੇ ਲੁਕਦੇ ਕਹਿਣ ਲੱਗੇ ’’ਗੁਰੂ ਸਾਹਿਬ ਨੇ ਜੇ ਬੰਦੂਕ ਦੀ ਪਰਖ ਕਰਨੀ ਹੈ ਤਾਂ ਜੰਗੇ-ਮੈਦਾਨ ਵਿੱਚ ਕਰਨ। ਅਸੀਂ ਅਜਾਈਂ ਹੀ ਆਪਣੀ ਜਾਨ ਨਹੀਂ ਗੁਆਣੀ।’’

੨੨੬. ਮਾਛੀਵਾੜੇ ਦੇ ਜੰਗਲਾਂ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਕਿੱਥੇ ਪਹੁੰਚੇ?

ਗੁਰੂ ਗੋਬਿੰਦ ਸਿੰਘ ਜੀ ਮਾਛੀਵਾੜੇ ਤੋਂ ਹੁੰਦੇ ਹੋਏ ਖਿਦਰਾਣੇ ਦੀ ਢਾਬ ਤੇ ਪਹੁੰਚੇ ਜਿੱਥੇ ਸਿੰਘ ਸਿੰਘਣੀਆਂ ਅਤੇ ਮੁਗ਼ਲਾਂ ਦੀ ਲੜਾਈ ਹੋ ਕੇ ਹਟੀ ਸੀ।

੨੨੭. ਚਾਲੀ ਮੁਕਤੇ, ਜਿਹਨਾ ਦਾ ਅਰਦਾਸ ਵਿੱਚ ਵੀ ਜ਼ਿਕਰ ਆਉਂਦਾ ਹੈ, ਕੌਣ ਸਨ?


© Sikh Society of Michigan, MI, USA

ਇਹ ਚਾਲੀ ਮੁਕਤੇ ਗੁਰੂ ਗੋਬਿੰਦ ਸਿੰਘ ਜੀ ਦੇ ਉਹ ਸਿੰਘ ਸਨ ਜੋ ਗੁਰੂ ਜੀ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਮੁਗ਼ਲਾਂ ਵੱਲੋਂ ਪਾਏ ਘੇਰੇ ਦੌਰਾਨ ਬੇਦਾਵਾ ਲਿਖ ਕੇ ਦੇ ਗਏ ਸਨ ਕਿ ਤੂੰ ਸਾਡਾ ਗੁਰੂ ਨਹੀਂ ਅਤੇ ਅਸੀਂ ਤੇਰੇ ਸਿੱਖ ਨਹੀਂ। ਪਰ ਬਾਅਦ ਵਿੱਚ ਆਪਣੀ ਗ਼ਲਤੀ ਦਾ ਅਹਿਸਾਸ ਕਰਦਿਆਂ ਗੁਰੂ ਜੀ ਦਾ ਪਿੱਛਾ ਕਰਦੀਆਂ ਮੁਗ਼ਲ ਫ਼ੌਜਾਂ ਨਾਲ ਲੜਦੇ-ਲੜਦੇ ਸ਼ਹੀਦੀ ਪਾ ਗਏ। ਇਸ ਸ਼ਹੀਦੀ ਤੋਂ ਬਾਅਦ ਜਦੋਂ ਗੁਰੂ ਜੀ ਖਿਦਰਾਣੇ ਦੀ ਢਾਬ ਅਤੇ ਪਹੁੰਚੇ ਤਾਂ ਉਹਨਾਂ ਸ਼ਹੀਦ ਹੋਏ ਸਿੰਘਾਂ ਨੂੰ ੪੦ ਮੁਕਤੇ ਕਹਿ ਕੇ ਨਿਵਾਜਿਆ। ਇਹ ਇਤਿਹਾਸਕ ਥਾਂ ਮੁਕਤਸਰ ਦੇ ਨਾਂ ਨਾਲ ਜਾਣੀ ਜਾਂਦੀ ਹੈ.

੨੨੮. ਖਿਦਰਾਣੇ ਦੀ ਢਾਬ ਵਾਲੀ ਜੰਗ ਕਦੋਂ ਹੋਈ ਸੀ?

੨੯ ਦਸੰਬਰ ੧੭੦੫ ਈਸਵੀ।

੨੨੯. ਮਾਈ ਭਾਗੋ ਕੌਣ ਸੀ?

ਮਾਈ ਭਾਗੋ ਝਬਾਲ ਦੇ ਰਹਿਣ ਵਾਲੇ ਸਿੱਖ ਪਰਿਵਾਰ ਦੀ ਬਹਾਦਰ ਔਰਤ ਸੀ ਜਿਸਨੇ ੪੦ ਮੁਕਤਿਆਂ ਨੂੰ ਮੁੜ ਜੰਗ ਵਿੱਚ ਜਾਣ ਲਈ ਪ੍ਰੇਰਿਆ ਅਤੇ ਆਪ ਉਸ ਜੱਅਤੇ ਦੀ ਅਗਵਾਈ ਕੀਤੀ। ਮੁਗ਼ਲਾਂ ਨਾਲ ਲੜਾਈ ਦੌਰਾਨ ਆਪ ਬਹੁਤ ਜ਼ਖ਼ਮੀ ਹੋ ਗਏ ਸਨ ਅਤੇ ਉਹਨਾਂ ਦਾ ਇਲਾਜ ਗੁਰੂ ਗੋਬਿੰਦ ਸਿੰਘ ਜੀ ਦੀ ਨਿਗਰਾਨੀ ਹੇਠ ਹੋਇਆ ਅਤੇ ਬਾਅਦ ਵਿੱਚ ਆਪ ਗੁਰੂ ਸਾਹਿਬ ਨਾਲ ਨੰਦੇੜ ਚਲੇ ਗਏ।

੨੩੦. ਚਾਲੀ ਮੁਕਤਿਆਂ ਦਾ ਜਥੇਦਾਰ ਕੌਣ ਸੀ?

ਚਾਲੀ ਮੁਕਤਿਆਂ ਦਾ ਜਥੇਦਾਰ ਸਰਦਾਰ ਮਹਾਂ ਸਿੰਘ (ਮਾਈ ਭਾਗੋ ਦੇ ਪਤੀ) ਸੀ।

੨੩੧. ਖਿਦਰਾਣੇ ਦੀ ਢਾਬ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਕਿੱਥੇ ਗਏ?

ਇਸ ਤੋਂ ਬਾਅਦ ਗੁਰੂ ਸਾਹਿਬ ਤਲਵੰਡੀ ਸਾਬੋ ਗਏ ਜੋ ਹੁਣ ਪੰਜ ਤਖ਼ਤਾਂ ਵਿੱਚੋਂ ਇੱਕ ਹੈ।

੨੩੨. ਤਲਵੰਡੀ ਸਾਬੋ ਵਿਖੇ ਗੁਰੂ ਗੋਬਿੰਦ ਸਿੰਘ ਜੀ ਕਿਸ ਕੋਲ ਠਹਿਰੇ ਸਨ?

ਤਲਵੰਡੀ ਸਾਬੋ ਵਿਖੇ ਗੁਰੂ ਗੋਬਿੰਦ ਸਿੰਘ ਜੀ ਉਥੋਂ ਦੇ ਚੌਧਰੀ ਭਾਈ ਡੱਲੇ ਦੇ ਕੋਲ ਠਹਿਰੇ ਸਨ।

੨੩੩. ਤਲਵੰਡੀ ਸਾਬੋ ਦੇ ਗੁਰਦੁਆਰੇ ਨੂੰ ਕਿਸ ਨਾਮ ਨਾਲ ਜਾਣਿਆ ਜਾਂਦਾ ਹੈ?

ਤਲਵੰਡੀ ਸਾਬੋ ਦਾ ਗੁਰਦੁਆਰਾ ਅੱਜ ਕੱਲ੍ਹ ਦਮਦਮਾ ਸਾਹਿਬ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

੨੩੪. ਦਮਦਮਾ ਸਾਹਿਬ ਰਹਿੰਦੇ ਹੋਏ ਗੁਰੂ ਗੋਬਿੰਦ ਸਿੰਘ ਜੀ ਨੇ ਕੀ ਕੀ ਕੰਮ ਕੀਤੇ?

ਇੱਥੇ ਗੁਰੂ ਸਾਹਿਬ ਨੇ ਪੂਰੇ ਗੁਰੂ ਗ੍ਰੰਥ ਸਾਹਿਬ ਜੀ ਦਾ ਉਚਾਰਣ ਕੀਤਾ ਸੀ ਅਤੇ ਭਾਈ ਮਨੀ ਸਿੰਘ ਜੀ ਨੇ ਇਸਨੂੰ ਲਿਖਿਆ ਸੀ।

੨੩੫. ਮਾਤਾ ਸੁੰਦਰ ਕੌਰ ਅਤੇ ਮਾਤਾ ਸਾਹਿਬ ਕੌਰ ਨੂੰ ਲੈ ਕੇ ਭਾਈ ਮਨੀ ਸਿੰਘ ਕਿਹੜੀ ਜਗ੍ਹਾ ਗੁਰੂ ਗੋਬਿੰਦ ਸਿੰਘ ਨੂੰ ਮਿਲੇ?


© Sikh Society of Michigan, MI, USA

ਮਾਤਾ ਸੁੰਦਰ ਕੌਰ ਅਤੇ ਮਾਤਾ ਸਾਹਿਬ ਕੌਰ ਨੂੰ ਲੈ ਕੇ ਭਾਈ ਮਨੀ ਸਿੰਘ ਗੁਰੂ ਗੋਬਿੰਦ ਸਿੰਘ ਨੂੰ ਦਮਦਮਾ ਸਾਹਿਬ ਵਿਖੇ ਮਿਲੇ।

੨੩੬. ਤਲਵੰਡੀ ਸਾਬੋ ਵਿਖੇ ਭਾਈ ਮਨੀ ਸਿੰਘ ਦੇ ਇਲਾਵਾ ਹੋਰ ਕਿਹੜੇ ਮਹਾਨ ਯੋਧੇ ਗੁਰੂ ਗੋਬਿੰਦ ਸਿੰਘ ਜੀ ਨਾਲ ਸਨ?

ਭਾਈ ਮਨੀ ਸਿੰਘ ਤੋਂ ਇਲਾਵਾ ਬਾਬਾ ਦੀਪ ਸਿੰਘ, ਬਾਬਾ ਜੀਵਨ ਸਿੰਘ ਅਤੇ ਹੋਰ ਕਈ ਸਿੰਘ ਜੋ ਸਰਸਾ ਨਦੀ ਅਤੇ ਵਿੱਛੜ ਗਏ ਸਨ ਇੱਥੇ ਆ ਕੇ ਇਕੱਠੇ ਹੋਏ।

੨੩੭. ਬਾਬਾ ਦੀਪ ਸਿੰਘ ਜੀ ਨੂੰ ਕੀ ਕੰਮ ਕਰਨ ਦੀ ਸੇਵਾ ਬਖ਼ਸ਼ੀ ਗਈ?

ਬਾਬਾ ਦੀਪ ਸਿੰਘ ਜੀ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਉਤਾਰੇ ਕਰਨ ਦੀ ਸੇਵਾ ਬਖ਼ਸ਼ੀ ਗਈ। ਸੋ ਉਹਨਾਂ ਨੇ ਚਾਰ ਉਤਾਰੇ ਕੀਤੇ। ਜਿਹਨਾਂ ਵਿੱਚੋਂ ਇੱਕ ਬੀੜ ਜਾਂਦਿਆਂ ਹੋਏ ਨਾਂਦੇੜ ਲੈ ਗਏ, ਇਕ ਬੀੜ ਭਾਈ ਮਨੀ ਸਿੰਘ ਨੂੰ ਦੇ ਕੇ ਦਰਬਾਰ ਸਾਹਿਬ ਭੇਜਿਆ, ਅਤੇ ਇਕ ਬੀੜ ਪਟਨਾ ਸਾਹਿਬ ਭੇਜੀ।

੨੩੮. ਜਿਸ ਬੁਰਜ ਵਿੱਚ ਬੈਠ ਕੇ ਬਾਬਾ ਦੀਪ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਦੇ ਉਤਾਰੇ ਕੀਤੇ, ਉਸਨੂੰ ਕੀ ਕਹਿੰਦੇ ਹਨ ਅਤੇ ਕੀ ਇਹ ਅੱਜ ਵੀ ਮੌਜੂਦ ਹੈ?

ਇਸ ਬੁਰਜ ਨੂੰ ਬਾਬਾ ਦੀਪ ਸਿੰਘ ਬੁਰਜ ਕਿਹਾ ਜਾਂਦਾ ਹੈ ਅਤੇ ਇਹ ਅੱਜ ਵੀ ਤਲਵੰਡੀ ਸਾਹਬੋ ਵਿਖੇ ਮੌਜੂਦ ਹੈ।

੨੩੯. ਆਦਿ ਗ੍ਰੰਥ ਦਾ ਪਹਿਲਾ ਉਤਾਰਾ ਕਿਸ ਨੇ ਕੀਤਾ?

ਆਦਿ ਗ੍ਰੰਥ ਦਾ ਪਹਿਲਾ ਉਤਾਰਾ ਭਾਈ ਬੰਨੋ ਜੀ ਨੇ ਕੀਤਾ ਸੀ ਅਤੇ ਇਸ ਬੀੜ ਨੂੰ ਬੰਨੋਵਾਲੀ ਬੀੜ ਕਿਹਾ ਜਾਂਦਾ ਹੈ।

੨੪੦. ਨੰਦੇੜ ਜਾਂਦਿਆਂ ਰਸਤੇ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਕਿਸ ਰਾਜੇ ਦੀ ਮਦਦ ਕੀਤੀ?

ਨੰਦੇੜ ਜਾਂਦਿਆਂ ਰਸਤੇ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜੇਬ ਦੇ ਛੋਟੇ ਪੁੱਤਰ ਬਹਾਦਰ ਸ਼ਾਹ ਨੂੰ ਰਾਜ ਗੱਦੀ ਦਿਵਾਉਣ ਲਈ ਮਦਦ ਕੀਤੀ।

੨੪੧. ਨੰਦੇੜ ਪਹੁੰਚ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਕੀ ਕੀਤਾ?

ਨੰਦੇੜ ਪਹੁੰਚ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਸਿੰਘਾਂ ਨੂੰ ਮੁੜ ਕੇ ਜਥੇਬੰਦ ਕੀਤਾ ਅਤੇ ਮਾਧੋ ਦਾਸ ਨੂੰ ਅੰਮ੍ਰਿਤ ਛਕਾ ਕੇ ਬੰਦਾ ਸਿੰਘ ਬਹਾਦਰ ਬਣਾਇਆ।

੨੪੨. ਬੰਦਾ ਸਿੰਘ ਬਹਾਦਰ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਕੀ ਕੰਮ ਸੌਂਪਿਆ?

ਗੁਰੂ ਗੋਬਿੰਦ ਸਿੰਘ ਜੀ ਨੇ ਬੰਦਾ ਸਿੰਘ ਬਹਾਦਰ ਨੂੰ ਪੰਥ ਦਾ ਜਥੇਦਾਰ ਬਣਾ ਕੇ, ਪੰਜ ਸਿੰਘ, ਪੰਜ ਤੀਰ, ਪੰਜ ਸ਼ਸਤਰ, ਇਕ ਨਗਾਰਾ ਦੇ ਕੇ ਪੰਜਾਬ ਵੱਲ ਜਾਲਮਾਂ ਦਾ ਸਫ਼ਾਇਆ ਕਰਨ ਲਈ ਭੇਜਿਆ।

 © Sikh Society of Michigan, MI, USA

੨੪੩. ਗੁਰੂ ਗੋਬਿੰਦ ਜੀ ਦੀ ਸਿੱਖ ਪੰਥ ਨੂੰ ਕੀ ਦੇਣ ਹੈ?

੧: ਖ਼ਾਲਸਾ ਪੰਥ ਦੀ ਸਾਜਨਾ ਕੀਤੀ

੨: ਬਾਣੀ ਦੀ ਰਚਨਾ ਕੀਤੀ

੩: ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕੀਤੀ

੪: ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰ-ਗੱਦੀ ਬਖ਼ਸ਼ੀ

੨੪੪. ਗੁਰੂ ਗੋਬਿੰਦ ਸਿੰਘ ਜੀ ਨੂੰ ਕਿਸਨੇ ਛੁਰਾ ਮਾਰਿਆ?

ਗੁਰੂ ਗੋਬਿੰਦ ਸਿੰਘ ਜੀ ਨੂੰ ਬਹਾਦਰ ਸ਼ਾਹ ਵੱਲੋਂ ਭੇਜੇ ਗਏ ਦੋ ਪਠਾਣਾਂ, ਜਮਸ਼ੇਦ ਖ਼ਾਨ ਅਤੇ ਗ਼ੁਲ ਖ਼ਾਨ, ਨੇ ਛੁਰਾ ਮਾਰਿਆ।

੨੪੫. ਗੁਰੂ ਗੋਬਿੰਦ ਸਿੰਘ ਜੀ ਕਦੋਂ ਜੋਤੀ-ਜੋਤਿ ਸਮਾਏ?

ਗੁਰੂ ਗੋਬਿੰਦ ਸਿੰਘ ਜੀ ੭ ਅਕਤੂਬਰ ੧੭੦੮ ਨੂੰ ਜੋਤੀ-ਜੋਤਿ ਸਮਾਏ।

੨੪੬. ਗੁਰੂ ਗੋਬਿੰਦ ਸਿੰਘ ਜੀ ਨੇ ਗੁਰ ਗੱਦੀ ਕਿਸ ਨੂੰ ਸੌਂਪੀ?

ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰ ਗੱਦੀ ਬਖ਼ਸ਼ੀ ਅਤੇ ਕਿਹਾ "ਸਭ ਸਿੱਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ"।

੨੪੭. ਜ਼ਫ਼ਰਨਾਮਾ ਕਿਸ ਨੂੰ ਕਹਿੰਦੇ ਹਨ?

ਜ਼ਫ਼ਰਨਾਮਾ ਫ਼ਾਰਸੀ ਦਾ ਸ਼ਬਦ ਹੈ ਜਿਸ ਦਾ ਅਰਥ ਹੈ "ਜਿੱਤ ਦਾ ਪੱਤਰ", ਜੋ ਗੁਰੂ ਸਾਹਿਬ ਨੇ ਔਰੰਗਜੇਬ ਨੂੰ ਲਿਖਿਆ।

੨੪੮. ਨੰਦੇੜ, ਜਿੱਥੇ ਗੁਰੂ ਜੀ ਜੋਤੀ-ਜੋਤਿ ਸਮਾਏ, ਕਿੱਥੇ ਹੈ ਅਤੇ ਇੱਥੇ ਕਿਹੜਾ ਗੁਰਦੁਆਰਾ ਹੈ?

ਨੰਦੇੜ ਗੋਦਾਵਰੀ ਨਦੀ ਦੇ ਕੰਢੇ, ਮਹਾਰਾਸ਼ਟਰ ਸੂਬੇ ਵਿੱਚ ਹੈ ਅਤੇ ਇਸ ਥਾਂ ਤੇ ਹੁਣ ਹਜ਼ੂਰ ਸਾਹਿਬ ਗੁਰਦੁਆਰਾ ਹੈ। ਇਹ ਸਿੱਖਾਂ ਦੇ ਪੰਜ ਤਖ਼ਤਾਂ ਵਿੱਚੋਂ ਇੱਕ ਹੈ।

੨੪੯. ਕੀ ਗੁਰੂ ਗੋਬਿੰਦ ਸਿੰਘ ਜੀ ਮੁਸਲਮਾਨਾਂ ਦੇ ਦੁਸ਼ਮਣ ਸਨ?

ਨਹੀਂ। ਗੁਰੂ ਸਾਹਿਬ ਦੀ ਕਿਰਪਾਨ ਜੁਲਮ ਅਤੇ ਗ਼ੁਲਾਮੀ ਦੇ ਵਿਰੁੱਧ ਸੀ। ਜਿੱਥੇ ਹਿੰਦੂ ਪਹਾੜੀ ਰਾਜਿਆਂ ਨੇ ਗੁਰੂ ਸਾਹਿਬ ਨਾਲ ਲੜਾਈ ਕੀਤੀ ਉੱਥੇ ਮੁਸਲਮਾਨਾਂ ਅਤੇ ਪਠਾਣਾਂ ਨੇ ਉਹਨਾਂ ਦੀ ਮਦਦ ਵੀ ਕੀਤੀ।

੨੫੦. ਗੁਰੂ ਗ੍ਰੰਥ ਸਾਹਿਬ ਵਿੱਚ ਕਿਹੜੇ ਗੁਰੂਆਂ ਦੀ ਬਾਣੀ ਦਰਜ ਹੈ?


© Sikh Society of Michigan, MI, USA

੧: ਗੁਰੂ ਨਾਨਕ ਦੇਵ ਜੀ

੨: ਗੁਰੂ ਅੰਗਦ ਦੇਵ ਜੀ

੩: ਗੁਰੂ ਅਮਰਦਾਸ ਜੀ

੪: ਗੁਰੂ ਰਾਮਦਾਸ ਜੀ

੫: ਗੁਰੂ ਅਰਜਨ ਦੇਵ ਜੀ

੬: ਗੁਰੂ ਤੇਗ਼ ਬਹਾਦਰ ਜੀ

੨੫੧. ਗੁਰੂ ਗ੍ਰੰਥ ਸਾਹਿਬ ਵਿੱਚ ਕਿਹੜੇ ਭਗਤਾਂ ਦੀ ਬਾਣੀ ਦਰਜ ਹੈ?

੧: ਭਗਤ ਫ਼ਰੀਦ ਜੀ

੨: ਭਗਤ ਕਬੀਰ ਜੀ

੩: ਭਗਤ ਨਾਮਦੇਵ ਜੀ

੪: ਭਗਤ ਰਵਿਦਾਸ ਜੀ

੫: ਭਗਤ ਤ੍ਰਿਲੋਚਨ ਜੀ

੬: ਭਗਤ ਪੀਪਾ ਜੀ

੭: ਭਗਤ ਸਧਨਾ ਜੀ

੮: ਭਗਤ ਧੰਨਾ ਜੀ

੯: ਭਗਤ ਰਾਮਾਨੰਦ ਜੀ

੧੦: ਭਗਤ ਸੂਰਦਾਸ ਜੀ

੧੧: ਭਗਤ ਜੈਦੇਵ ਜੀ

੧੨: ਭਗਤ ਭੀਖਨ ਜੀ

੧੩: ਭਗਤ ਸੈਣ ਜੀ

੧੪: ਭਗਤ ਪਰਮਾਨੰਦ ਜੀ

੧੫: ਭਗਤ ਬੇਨ ਜੀ


© Sikh Society of Michigan, MI, USA

੨੫੨. ਗੁਰੂ ਗ੍ਰੰਥ ਸਾਹਿਬ ਵਿੱਚ ਕਿਹੜੇ ਭੱਟਾਂ ਦੀ ਬਾਣੀ ਹੈ?

੧: ਭੱਟ ਕਲਸ਼ਾਰ

੨: ਭੱਟ ਜਾਲਪ

੩: ਭੱਟ ਕੀਰਤ

੪: ਭੱਟ ਭੀਖਾ

੫: ਭੱਟ ਸਲ੍ਹ

੬: ਭੱਟ ਭਲ੍ਹ

੭: ਭੱਟ ਨਲ

੮: ਭੱਟ ਗਯੰਦ

੯: ਭੱਟ ਮਥੁਰਾ

੧੦: ਭੱਟ ਬਲ

੧੧: ਭੱਟ ਹਰਬੰਸ

੨੫੩. ਗੁਰੂ ਗ੍ਰੰਥ ਸਾਹਿਬ ਵਿੱਚ ਕਿਹੜੇ ਗੁਰਸਿੱਖਾਂ ਦੀ ਬਾਣੀ ਦਰਜ ਹੈ?

੧: ਭਾਈ ਸੱਤਾ ਜੀ

੨: ਭਾਈ ਬਲਵੰਡ ਜੀ

੩: ਬਾਬਾ ਸੁੰਦਰ ਜੀ

੪: ਭਾਈ ਮਰਦਾਨਾ ਜੀ

੨੫੪. ਗੁਰੂ ਗ੍ਰੰਥ ਸਾਹਿਬ ਵਿੱਚ ਕਿੰਨੇ ਰਾਗ ਹਨ?

ਗੁਰੂ ਗ੍ਰੰਥ ਸਾਹਿਬ ਵਿੱਚ ੩੧ ਰਾਗ ਹਨ।

੨੫੫. ਗੁਰੂ ਗ੍ਰੰਥ ਸਾਹਿਬ ਵਿੱਚ ਕਿਹੜੇ ਰਾਗ ਹਨ?

੧: ਸ੍ਰੀ

੨: ਆਸਾ


© Sikh Society of Michigan, MI, USA

੩: ਗਉੜੀ

੪: ਮਾਝ

੫: ਗੂਜਰੀ

੬: ਦੇਵਗੰਧਾਰੀ

੭: ਬਿਹਾਗੜਾ

੮: ਵਡਹੰਸੁ

੯: ਸੋਰਠਿ

੧੦: ਧਨਾਸਰੀ

੧੧: ਟੋਡੀ

੧੨: ਬੈਰਾੜੀ

੧੩: ਤਿਲੰਗ

੧੪: ਸੂਹੀ

੧੫: ਬਿਲਾਵਲੁ

੧੬: ਗੋਂਡ

੧੭: ਰਾਮਕਲੀ

੧੮: ਨਟ ਨਾਰਾਇਣ

੧੯: ਮਾਲੀ

੨੦: ਗਉੜਾ

੨੧: ਮਾਰੂ

੨੨: ਤੁਖਾਰੀ

੨੩: ਕੇਦਾਰਾ

੨੪: ਭੈਰਉ


© Sikh Society of Michigan, MI, USA

੨੫: ਬਸੰਤ

੨੬: ਸਾਰੰਗ

੨੭: ਮਲਾਰ

੨੮: ਕਾਨੜਾ

੨੯: ਕਲਿਆਣ

੩੦: ਪਰਭਾਤੀ

੩੧: ਜੈਜਾਵੰਤੀ

੨੫੬. ਗੁਰੂ ਗ੍ਰੰਥ ਸਾਹਿਬ ਅਤੇ ਆਦਿ ਗ੍ਰੰਥ ਵਿੱਚ ਕੀ ਫ਼ਰਕ ਹੈ?

ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵੀ ਦਰਜ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਲਿਖੀ ਗਈ ਬਾਣੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਉਚਾਰਿਆ ਅਤੇ ਭਾਈ ਮਨੀ ਸਿੰਘ ਜੀ ਨੇ ਲਿਖਿਆ। ਇਸ ਦੀ ਸੰਪਾਦਨਾ ਤਲਵੰਡੀ ਸਾਬੋ ਵਿਖੇ ਕਰਵਾਈ ਗਈ ਅਤੇ ਅੰਤ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਦੇ ਕੇ ਦੇਹ ਅਤੇ ਆਤਮਾ ਦਾ ਸੁਮੇਲ ਕੀਤਾ ਗਿਆ।ਆਦਿ ਗ੍ਰੰਥ ਵਿੱਚ ਪਹਿਲੇ ਪੰਜ ਗੁਰੂਆਂ ਦੀ ਬਾਣੀ ਜਿਸਨੂੰ ਗੁਰੂ ਅਰਜਨ ਦੇਵ ਜੀ ਨੇ ਲਿਖਵਾਇਆ ਅਤੇ ਭਾਈ ਗੁਰਦਾਸ ਜੀ ਨੇ ਲਿਖਿਆ। ਆਦਿ ਗ੍ਰੰਥ ਦੀ ਸੰਪਾਦਨਾ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਕੀਤੀ ਗਈ। ਆਦਿ ਗ੍ਰੰਥ ਦੇ ਹੁੰਦਿਆਂ ਗੁਰੂ ਸਾਹਿਬ ਆਪ ਵੀ ਭੌਤਿਕ ਰੂਪ ਵਿੱਚ ਮੌਜੂਦ ਸਨ।

੨੫੭. ਸਲੋਕ ਤੋਂ ਕੀ ਭਾਵ ਹੈ?

ਸੰਸਕ੍ਰਿਤ ਭਾਸ਼ਾ ਵਿੱਚ ਸਲੋਕ ਪਰਸ਼ੰਸਾ ਜਾਂ ਸ਼ਲਾਘਾ ਲਈ ਵਰਤਿਆ ਜਾਂਦਾ ਹੈ ਅਤੇ ਗੁਰਬਾਣੀ ਵਿੱਚ ਸਲੋਕ ਰਾਹੀਂ ਧਾਰਮਿਕ ਅਤੇ ਨੈਤਿਕ ਉਪਦੇਸ਼ ਦਾ ਪ੍ਰਗਟਾਅ ਕੀਤਾ ਜਾਂਦਾ ਹੈ।

੨੫੮. ਗੁਰੂ ਤੇਗ਼ ਬਹਾਦਰ ਦੇ ਕਿੰਨੇ ਸਲੋਕ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ?

ਗੁਰੂ ਤੇਗ਼ ਬਹਾਦਰ ਜੀ ਦੇ ੫੭ ਸਲੋਕ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ।

੨੫੯. ਗੁਰੂ ਤੇਗ਼ ਬਹਾਦਰ ਜੀ ਨੇ ਸਲੋਕਾਂ ਦੀ ਰਚਨਾ ਕਦੋਂ ਕੀਤੀ?

ਗੁਰੂ ਤੇਗ਼ ਬਹਾਦਰ ਜੀ ਨੇ ਸਲੋਕਾਂ ਦੀ ਰਚਨਾ ਸ਼ਹੀਦੀ ਤੋਂ ਪਹਿਲਾਂ ਗ੍ਰਿਫਤਾਰੀ ਦੇ ਦੌਰਾਨ ਕੀਤੀ।

੨੬੦. ਗੁਰਬਾਣੀ ਵਿੱਚ ਦੁਪਦੇ, ਚਉਪਦੇ, ਪੰਚਪਦੇ ਅਤੇ ਛਕੇ ਤੋਂ ਕੀ ਭਾਵ ਹੈ?

ਦੁਪਦੇ:- ਦੋ ਬੰਦਾਂ ਦੀ ਰਚਨਾ।

ਚਉਪਦੇ:- ਚਾਰ ਬੰਦਾਂ ਦੀ ਰਚਨਾ।


© Sikh Society of Michigan, MI, USA

ਪੰਚਪਦੇ:- ਪੰਜ ਬੰਦਾਂ ਦੀ ਰਚਨਾ।

ਛਕੇ:- ਛੇ ਬੰਦਾਂ ਦੀ ਰਚਨਾ।

੨੬੧. ਅਸ਼ਟਪਦੀ ਕੀ ਹੈ?

ਅੱਠ ਬੰਦਾਂ ਦੀ ਰਚਨਾ ਨੂੰ ਅਸ਼ਟਪਦੀ ਕਹਿੰਦੇ ਹਨ?

੨੬੨. ਸੁਖਮਨੀ ਸਾਹਿਬ ਵਿੱਚ ਕਿੰਨੀਆਂ ਅਸ਼ਟਪਦੀਆਂ ਹਨ?

ਸੁਖਮਨੀ ਸਾਹਿਬ ਵਿੱਚ ੨੪ ਅਸ਼ਟਪਦੀਆਂ ਹਨ।

੨੬੩. ਸੁਖਮਨੀ ਸਾਹਿਬ ਦੀ ਬਾਣੀ ਕਿਸ ਗੁਰੂ ਨੇ ਕਿਸ ਰਾਗ ਵਿੱਚ ਉਚਾਰੀ?

ਸੁਖਮਨੀ ਸਾਹਿਬ ਦੀ ਬਾਣੀ ਗੁਰੂ ਅਰਜਨ ਦੇਵ ਜੀ ਨੇ ਰਾਗ ਗਉੜੀ ਵਿੱਚ ਉਚਾਰੀ।

੨੬੪. ਵਾਰ ਕਿਸ ਨੂੰ ਕਹਿੰਦੇ ਹਨ?

ਵਾਰ ਪੰਜਾਬੀ ਸਾਹਿੱਤ ਦਾ ਇਕ ਕਾਵਿ ਰੂਪ ਹੈ ਜਿਸ ਦੀ ਰਚਨਾ ਪਉੜੀਆਂ ਵਿੱਚ ਹੁੰਦੀ ਹੈ। ਵਾਰ ਰਾਹੀਂ ਨਾਇਕ ਦਾ ਜਸ ਜਾਂ ਯੁੱਧਾਂ ਦਾ ਵਰਨਣ ਕੀਤਾ ਗਿਆ ਹੁੰਦਾ ਹੈ।

੨੬੫. ਗੁਰੂ ਗ੍ਰੰਥ ਸਾਹਿਬ ਵਿੱਚ ਕੁਲ ਕਿੰਨੀਆਂ ਵਾਰਾਂ ਹਨ?

ਗੁਰੂ ਗ੍ਰੰਥ ਸਾਹਿਬ ਵਿੱਚ ਕੁਲ ੨੨ ਵਾਰਾਂ ਹਨ।

੨੬੬. ਗੁਰੂ ਗ੍ਰੰਥ ਸਾਹਿਬ ਵਿੱਚ ਕਿਹੜੀਆਂ ਵਾਰਾਂ ਵਿੱਚ ਸਲੋਕ ਨਹੀਂ ਹਨ?

ਬਸੰਤ ਅਤੇ ਰਾਮਕਲੀ ਕੇ ਵਾਰ ਵਿੱਚ ਸਲੋਕ ਨਹੀਂ ਹਨ।

੨੬੭. ਭਗਤ ਕਬੀਰ ਦਾ ਜਨਮ ਕਦੋਂ ਹੋਇਆ?

ਭਗਤ ਕਬੀਰ ਦਾ ਜਨਮ ੧੩੯੮ ਈਸਵੀ ਵਿੱਚ ਹੋਇਆ।

੨੬੮. ਭਗਤ ਕਬੀਰ ਦਾ ਕੀ ਕਿੱਤਾ ਸੀ?

ਭਗਤ ਕਬੀਰ ਜੁਲਾਹੇ ਦਾ ਕੰਮ ਕਰਦੇ ਸਨ।

੨੬੯. ਭਗਤ ਕਬੀਰ ਕਦੋਂ ਜੋਤੀ-ਜੋਤਿ ਸਮਾਏ?

ਭਗਤ ਕਬੀਰ ੧੨੦ ਸਾਲ ਦੀ ਉਮਰ ਭੋਗ ਕੇ, ੧੫੧੮ ਈਸਵੀ ਵਿੱਚ ਜੋਤੀ-ਜੋਤਿ ਸਮਾਏ।

੨੭੦. ਅਰਦਾਸ ਦੀ ਸ਼ੁਰੂਆਤ ਵਾਲੀ ਪਉੜੀ ਕਿੱਥੋਂ ਲਈ ਗਈ ਹੈ ਅਤੇ ਕਿਸਨੇ ਰਚੀ ਹੈ?


© Sikh Society of Michigan, MI, USA

''ਭਗੌਤੀ ਕੀ ਵਾਰ'' ਜੋ ਕਿ ਚੰਡੀ ਦੀ ਵਾਰ, ਦਸਮ ਗਰੰਥ ਵਿੱਚ ਦਰਜ ਹੈ ਤੋਂ ਲਈ ਗਈ ਹੈ। ਇਸ ਦੀ ਰਚਨਾ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ ਹੈ।

੨੨੧. ਅਰਦਾਸ ਵਿੱਚ ਜਦੋਂ ਸਿੰਘ-ਸਿੰਘਣੀਆਂ ਦਾ ਜ਼ਿਕਰ ਆਉਂਦਾ ਹੈ ਤਾਂ ਉਹ ਕਿਸ ਨੂੰ ਸੰਬੋਧਿਤ ਹੈ?

ਭਾਈ ਮਤੀ ਦਾਸ :- ਆਰੇ ਨਾਲ ਚੀਰੇ ਗਏ, ਭਾਈ ਮਨੀ ਸਿੰਘ :- ਬੰਦ-ਬੰਦ ਕਟਾਏ, ਭਾਈ ਤਾਰੂ ਸਿੰਘ :- ਖੋਪਰੀ ਲੁਹਾਈ, ਭਾਈ ਸ਼ਾਹਬਾਜ਼ ਸਿੰਘ ਅਤੇ ਭਾਈ ਸਾਹਿਬ ਸਿੰਘ :- ਦੋਨਾ ਪਿਓ-ਪੁੱਤਰਾਂ ਨੂੰ ਚਰਖੜੀ ਅਤੇ ਚਾੜ੍ਹਿਆ ਗਿਆ। ਸਿੰਘਣੀਆਂ :- ਜਿਹਨਾਂ ਨੂੰ ਜ਼ਕਰੀਆ ਖ਼ਾਨ ਨੇ ਲਹੌਰ ਜੇਲ੍ਹ ਵਿੱਚ ਕੈਦ ਕੀਤਾ ਅਤੇ ਜਿਹਨਾਂ ਦੇ ਛੋਟੇ-ਛੋਟੇ ਬੱਚਿਆਂ ਦੇ ਟੁਕੜੇ-ਟੁਕੜੇ ਕਰ ਕੇ ਝੋਲੀਆਂ ਵਿੱਚ ਪਾਏ ਗਏ। ਪਰ ਅਕਾਲ ਪੁਰਖ ਦਾ ਭਾਣਾ ਮੰਨਦੀਆਂ ਅਡੋਲ ਰਹੀਆਂ।

੨੨੨. ਉਸ ਬੀਬੀ ਦਾ ਨਾਂ ਦੱਸੋ ਜਿਸ ਨੂੰ ਇਕ ਗੁਰੂ ਦੀ ਧੀ, ਪਤਨੀ, ਮਾਂ, ਦਾਦੀ ਅਤੇ ਪੜਦਾਦੀ ਹੋਣ ਦਾ ਸੁਭਾਅ ਪ੍ਰਾਪਤ ਹੋਇਆ?

ਬੀਬੀ ਭਾਨੀ ਜੋ ਗੁਰੂ ਅਮਰਦਾਸ ਜੀ ਦੀ ਬੇਟੀ, ਗੁਰੂ ਰਾਮਦਾਸ ਦੀ ਪਤਨੀ, ਗੁਰੂ ਅਰਜਨ ਦੇਵ ਜੀ ਦੇ ਮਾਤਾ ਜੀ, ਗੁਰੂ ਹਰਗੋਬਿੰਦ ਦੇ ਦਾਦੀ ਅਤੇ ਤੇਗ਼ ਬਹਾਦਰ ਦੇ ਪੜਦਾਦੀ ਅਤੇ ਗੁਰੂ ਗੋਬਿੰਦ ਸਿੰਘ ਦੇ ਪੜ-ਪੜ ਦਾਦੀ ਸੀ।

੨੨੩. ਬਾਬਾ ਬੰਦਾ ਸਿੰਘ ਬਹਾਦਰ ਨੂੰ ਜਦੋਂ ਪੰਜਾਬ ਵੱਲ ਤੋਰਿਆ ਤਾਂ ਕਿਹੜੇ ਪੰਜ ਸਿੰਘ ਉਹਨਾਂ ਦੇ ਨਾਲ ਸੀ?

ਭਾਈ ਬਿਨੋਦ ਸਿੰਘ, ਭਾਈ ਕਾਨ੍ਹ ਸਿੰਘ, ਭਾਈ ਬਾਜ ਸਿੰਘ, ਭਾਈ ਰਾਮ ਸਿੰਘ, ਅਤੇ ਭਾਈ ਫਤੇਹ ਸਿੰਘ।

੨੨੪. ਬੰਦਾ ਸਿੰਘ ਬਹਾਦਰ ਨੇ ਸਮਾਣਾ ਪਿੰਡ ਅਤੇ ਹਮਲਾ ਕਿਉਂ ਕੀਤਾ?

ਸੱਯਦ ਜਲਾਲਦੀਨ ਸਮਾਣੇ ਦਾ ਰਹਿਣ ਵਾਲਾ ਸੀ, ਜਿਸ ਨੇ ਗੁਰੂ ਤੇਗ਼ ਬਹਾਦਰ ਦਾ ਸੀਸ ਲਾਹਿਆ ਸੀ। ਜੱਲਾਦ ਸ਼ਸ਼ਾਲ ਬੇਗ ਅਤੇ ਬਸ਼ਾਲ ਬੇਗ, ਜਿਹਨਾਂ ਦੋਹਾਂ ਸਾਹਿਬਜਾਦਿਆਂ ਨੂੰ ਨੀਹਾਂ ਵਿੱਚ ਚਿਣਿਆ ਸੀ, ਇਸੇ ਨਗਰ ਦੇ ਵਸਨੀਕ ਸਨ। ਇਸ ਕਰ ਕੇ ਬਾਬਾ ਬੰਦਾ ਸਿੰਘ ਬਹਾਦਰ ਨੇ ਸਮਾਣੇ ਅਤੇ ਹਮਲਾ ਕੀਤਾ ਅਤੇ ਆਪਣੇ ਅਧੀਨ ਕਰ ਲਿਆ।

੨੨੫. ਵਜ਼ੀਰ ਖ਼ਾਨ ਕੌਣ ਸੀ?

ਵਜ਼ੀਰ ਖ਼ਾਨ ਸਰਹੰਦ ਦਾ ਸੂਬੇਦਾਰ ਸੀ ਜਿਸ ਨੇ ਛੋਟੇ ਸਾਹਿਬਜਾਦਿਆਂ ਨੂੰ ਨੀਹਾਂ ਵਿੱਚ ਚਿਣਨ ਦਾ ਹੁਕਮ ਸੁਣਾਇਆ ਸੀ।

੨੨੬. ਵਜ਼ੀਰ ਖ਼ਾਨ ਨੂੰ ਕਿਸ ਨੇ ਮਾਰਿਆ ਸੀ?

ਵਜ਼ੀਰ ਖ਼ਾਨ ਨੂੰ ਚੱਪੜ-ਚਿੜੀ ਦੀ ਲੜਾਈ ਵਿੱਚ ਫਤੇਹ ਸਿੰਘ ਨੇ ਮੌਤ ਦੇ ਘਾਟ ਉਤਾਰਿਆ।


© Sikh Society of Michigan, MI, USA

੨੭੭. ਬਾਬਾ ਬੰਦਾ ਸਿੰਘ ਬਹਾਦਰ ਨੇ ਕਿਹੜੇ ਕੰਮ ਕੀਤੇ?

ਬਾਬਾ ਬੰਦਾ ਸਿੰਘ ਬਹਾਦਰ ਨੇ ਕਿਲ੍ਹੇ ਬਣਾਏ, ਜ਼ਿਮੀਦਾਰੀ ਦੀ ਪ੍ਰਥਾ ਖ਼ਤਮ ਕੀਤੀ, ਨਾਨਕਸ਼ਾਹੀ ਸਿੱਕਾ ਚਲਾਇਆ ਅਤੇ ਰਾਜਸੀ ਪੱਤਰਾਂ ਅਤੇ ਦਸਤਾਵੇਜ਼ਾਂ ਲਈ ਸਿੱਖ ਰਾਜ ਦੀ ਸਰਕਾਰੀ ਮੋਹਰ ਚਾਲੂ ਕੀਤੀ।

੨੭੮. ਬੰਦਾ ਸਿੰਘ ਬਹਾਦਰ ਨੂੰ ਕਦੋਂ ਅਤੇ ਕਿਵੇਂ ਸ਼ਹੀਦ ਕੀਤਾ ਗਿਆ?

ਬੰਦਾ ਸਿੰਘ ਬਹਾਦਰ ਨੂੰ ਦਿੱਲੀ ਵਿੱਚ ੯ ਜੂਨ ੧੭੧੬ ਈਸਵੀ ਨੂੰ ਬਹੁਤ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ।

੨੭੯. ਸਰਬੱਤ ਖ਼ਾਲਸਾ ਕਿਸ ਨੂੰ ਕਹਿੰਦੇ ਹਨ?

ਸੰਗਤਾਂ ਦਾ ਧਾਰਮਿਕ ਅਤੇ ਰਾਜਨੀਤਿਕ ਮੁੱਦਿਆਂ ਨੂੰ ਲੈ ਕੇ ਸੱਦਿਆ ਗਿਆ ਇੱਕਠ ਸਰਬੱਤ ਖ਼ਾਲਸਾ ਕਹਾਉਂਦਾ ਹੈ। ਸਿੱਖ ਇਤਿਹਾਸ ਮੁਤਾਬਕ ਪੁਰਾਣੇ ਸਮਿਆਂ ਵਿੱਚ ਸਾਲ ਵਿੱਚ ਦੋ ਵਾਰੀ ਸਰਬੱਤ ਖ਼ਾਲਸਾ ਸੱਦਿਆ ਜਾਂਦਾ ਸੀ, ਵੈਸਾਖੀ ਅਤੇ ਦਿਵਾਲੀ ਦੇ ਮੌਕੇ ਤੇ।

੨੮੦. ਗੁਰਮੱਤਾ ਕਿਸ ਨੂੰ ਕਹਿੰਦੇ ਹਨ?

ਧਾਰਮਿਕ ਮੁੱਦਿਆਂ ਉੱਤੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਬੈਠੀ ਸੰਗਤ ਸੋਚ-ਵਿਚਾਰ ਕਰਨ ਉਪਰੰਤ ਜੋ ਪੰਥਕ ਫ਼ੈਸਲੇ ਲੈਂਦੀ ਹੈ ਉਸ ਨੂੰ ਗੁਰਮੱਤਾ ਕਿਹਾ ਜਾਂਦਾ ਹੈ। ਅਜੇਹੇ ਗੁਰਮੱਤੇ ਨੂੰ ਗੁਰੂ ਦਾ ਹੁਕਮ ਮੰਨ ਕੇ ਸਾਰੀ ਸੰਗਤ ਪ੍ਰਵਾਨ ਕਰਦੀ ਹੈ।

੨੮੧. ਸਿੱਖ ਪੰਥ ਵਿੱਚ ਸਭ ਤੋਂ ਪਹਿਲਾਂ ਨਵਾਬ ਦੀ ਉਪਾਧੀ ਕਿਸ ਨੂੰ ਦਿੱਤੀ ਗਈ?

ਸੇਵਾ ਅਤੇ ਸਿਦਕ ਦੇ ਪਰਪੱਕ ਗੁਰੂ ਘਰ ਦੇ ਪ੍ਰੇਮੀ ਸਰਦਾਰ ਕਪੂਰ ਸਿੰਘ ਨੂੰ ਨਵਾਬ ਦੀ ਉਪਾਧੀ ਨਾਲ ਨਿਵਾਜਿਆ ਗਿਆ।

੨੮੨. ਨਵਾਬ ਕਪੂਰ ਸਿੰਘ ਦੀ ਸਰਪ੍ਰਸਤੀ ਅਧੀਨ ਸਿੰਘਾਂ ਨੇ ਕੀ-ਕੀ ਮੱਲਾਂ ਮਾਰੀਆਂ?

ਨਵਾਬ ਕਪੂਰ ਸਿੰਘ ਦੀ ਨਿਗਰਾਨੀ ਹੇਠ, ਖਿੰਡਿਆ ਹੋਇਆ ਖ਼ਾਲਸਾ ਪੰਥ ਇਕ ਸ਼ਕਤੀਸ਼ਾਲੀ ਜੱਥੇਬੰਦੀ ਦੇ ਰੂਪ ਵਿੱਚ ਸੰਗਠਿਤ ਹੋਇਆ; ਬੁੱਢਾ ਦਲ ਦੇ ਯਤਨਾਂ ਸਦਕਾ ਹਜ਼ਾਰਾਂ ਪ੍ਰਾਣੀ ਅੰਮ੍ਰਿਤ ਛਕ ਕੇ ਖ਼ਾਲਸਾ ਪੰਥ ਵਿੱਚ ਸ਼ਾਮਿਲ ਹੋ ਗਏ; ਉੱਜੜੇ ਹੋਏ ਸਿੰਘਾਂ ਦੇ ਮੁੜ ਬਸੇਰੇ ਹੋਏ ਅਤੇ ਲੋਕ ਖ਼ੁਸ਼ਹਾਲੀ ਭਰਿਆ ਜੀਵਨ ਜਿਊਣ ਲੱਗੇ।

੨੮੩. ਸਰਦਾਰ ਜੱਸਾ ਸਿੰਘ ਆਹਲੂਵਾਲੀਆ ਕੌਣ ਸੀ?

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਸਿੱਖਾਂ ਦੇ ਮਹਾਨ ਜਰਨੈਲ ਹੋਏ ਜਿਹਨਾਂ ਨੂੰ ਬੰਦੀ ਛੋੜ ਅਤੇ ਸੁਲਤਾਨ-ਏ-ਕੌਮ ਦੀ ਉਪਾਧੀ ਮਿਲੀ।

੨੮੪. ਵੱਡਾ ਘੱਲੂਘਾਰਾ ਕਦੋਂ ਵਾਪਰਿਆ?


© Sikh Society of Michigan, MI, USA

੫ ਫਰਵਰੀ ੧੭੬੨ ਈਸਵੀ ਨੂੰ ਅਹਮਦ ਸ਼ਾਹ ਅਬਦਾਲੀ ਵੱਲੋਂ ਕੋਪਕਹੀੜੇ ਵਿਖੇ ਸਿੰਘਾਂ ਤੇ ਹਮਲਾ ਕੀਤਾ ਗਿਆ ਜਿਸ ਵਿੱਚ ੧੦੦੦੦ ਤੋਂ ਜ਼ਿਆਦਾ ਸਿੰਘ ਸਿੰਘਣੀਆਂ ਅਤੇ ਬੱਚੇ ਸ਼ਹੀਦ ਹੋਏ।

੨੮੫. ਹਰਿਮੰਦਰ ਸਾਹਿਬ ਨੂੰ ਬਰੂਦ ਨਾਲ ਪਹਿਲੀ ਵਾਰ ਕਿਸਨੇ ਉਡਾਇਆ?

੧੦ ਅਪ੍ਰੈਲ ੧੭੬੨ ਈਸਵੀ ਨੂੰ ਅਹਮਦ ਸ਼ਾਹ ਅਬਦਾਲੀ ਨੇ ਹਰਿਮੰਦਰ ਸਾਹਿਬ ਨੂੰ ਬਰੂਦ ਨਾਲ ਉਡਾ ਦਿੱਤਾ ਅਤੇ ਸਰੋਵਰ ਨੂੰ ਕੂੜੇ-ਕਰਕਟ ਨਾਲ ਪੂਰ ਦਿੱਤਾ।

੨੮੬. ਹਰਿਮੰਦਰ ਸਾਹਿਬ ਦੀ ਮੁੜ ਉਸਾਰੀ ਕਿਸ ਨੇ ਕਰਵਾਈ?

ਜੱਸਾ ਸਿੰਘ ਆਹਲੂਵਾਲੀਆ ਨੇ ਇਸ ਦਾ ਨੀਂਹ ਪੱਥਰ ਰੱਖਿਆ ਅਤੇ ਪਿੰਡ ਸੁਰਸਿੰਘ ਨਿਵਾਸੀ ਦੇਸਰਾਜ ਦੀ ਨਿਗਰਾਨੀ ਹੇਠ ਮੁੜ ਉਸਾਰੀ ਹੋਈ।

੨੮੭. ਮੱਸਾ ਰੰਘੜ ਕੌਣ ਸੀ ਅਤੇ ਉਸਨੇ ਕੀ ਕੀਤਾ?

ਜ਼ਕਰੀਆ ਖ਼ਾਨ ਦੀ ਹਕੂਮਤ ਵੇਲੇ, ਮੱਸਾ ਰੰਘੜ ਅੰਮ੍ਰਿਤਸਰ ਦਾ ਮੁਖੀ ਸੀ ਸਿੱਖਾਂ ਦਾ ਪੱਕਾ ਵੈਰੀ ਸੀ ਅਤੇ ਰੋਜ਼ ੧੦੦ ਸਿੱਖਾਂ ਦੇ ਸਿਰ ਵੱਢ ਕੇ ਗੱਡੇ ਉੱਪਰ ਲੱਦ ਕੇ ਲਹੌਰ ਭੇਜਦਾ ਸੀ। ਉਸਨੇ ਹਰਿਮੰਦਰ ਸਾਹਿਬ ਨੂੰ ਨਾਚਘਰ ਅਤੇ ਸ਼ਰਾਬ ਦਾ ਅੱਡਾ ਬਣਾ ਰੱਖਿਆ ਸੀ।

੨੮੮. ਮੱਸੇ ਰੰਘੜ ਦੇ ਅਜਿਹੇ ਰਵੱਈਏ ਦਾ ਸਿੱਖਾਂ ਨੇ ਕਿਵੇਂ ਜਵਾਬ ਦਿੱਤਾ?

ਮੱਸੇ ਰੰਘੜ ਨੂੰ ਭਾਈ ਸੁੱਖਾ ਸਿੰਘ ਅਤੇ ਭਾਈ ਮਹਿਤਾਬ ਸਿੰਘ ਨੇ ਮਾਰ ਕੇ ਉਸਦਾ ਸਿਰ ਲਾਹ ਲਿਆ। ਲਾਹੇ ਸਿਰ ਨੂੰ ਨੇਜੇ ਤੇ ਟੰਗ ਕੇ ਬੋਲੇ ਸੋ ਨਿਹਾਲ ਦੇ ਜੈਕਾਰੇ ਲਾਉਂਦੇ ਰਾਜਸਥਾਨ ਦੇ ਰੇਤਲੇ ਇਲਾਕੇ ਬੁੱਢੇ ਜੌਹੜ ਲੈ ਗਏ।

੨੮੯. ਜੱਸਾ ਸਿੰਘ ਰਾਮਗੜ੍ਹੀਆ ਕੌਣ ਸੀ?

ਜੱਸਾ ਸਿੰਘ ਰਾਮਗੜ੍ਹੀਆ, ਰਾਮਗੜ੍ਹੀਆ ਮਿਸਲ ਦਾ ਸਰਦਾਰ ਸੀ ਅਤੇ ਸਿੱਖ ਪੰਥ ਦਾ ਮਹਾਨ ਜਰਨੈਲ ਸੀ। ਉਹਨਾਂ ਨੇ ਸਿੱਖ ਪੰਥ ਦੀ ਸੇਵਾ ਦੇ ਨਾਲ-ਨਾਲ ਬਹੁਤ ਸਾਰੇ ਕਿਲ੍ਹੇ ਬਣਵਾਏ ਜਿਹਨਾਂ ਵਿਚੋਂ ਰਾਮ ਰੌਣੀ ਅੰਮ੍ਰਿਤਸਰ ਮਸ਼ਹੂਰ ਹੈ ਜਿਸਦਾ ਨਾਂ ਰਾਮਗੜ੍ਹ ਰੱਖਿਆ ਗਿਆ ਅਤੇ ਇਸੇ ਕਰ ਕੇ ਹੀ ਜੱਸਾ ਸਿੰਘ ਦੇ ਨਾਮ ਨਾਲ ਰਾਮਗੜ੍ਹੀਆ ਜੁੜ ਗਿਆ।

੨੯੦. ਬਾਬਾ ਦੀਪ ਸਿੰਘ ਕੌਣ ਸਨ?

ਬਾਬਾ ਦੀਪ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਇਕ ਮਹਾਨ ਵਿਦਵਾਨ ਅਤੇ ਬਹਾਦਰ ਜੋਧੇ ਸਨ। ਉਹਨਾਂ ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਹੱਥਾਂ ਤੋਂ ਅੰਮ੍ਰਿਤ ਛਕਿਆ। ਤਲਵੰਡੀ ਸਾਹਬੋ ਵਿੱਚ ਭਾਈ ਮਨੀ ਸਿੰਘ ਜੀ ਦੇ ਨਾਲ ਮਿਲ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਉਤਾਰੇ ਵੀ ਉਹਨਾਂ ਨੇ ਹੀ ਕੀਤੇ।

੨੯੧. ਸ੍ਰੀ ਅੰਮ੍ਰਿਤਸਰ ਸਾਹਿਬ ਦੇ ੫ ਮੁੱਖ ਸਰੋਵਰਾਂ ਦੇ ਨਾਮ ਦੱਸੋ?


© Sikh Society of Michigan, MI, USA

ਰਾਮ ਸਰ
ਕੌਲ ਸਰ
ਬਿਬੇਕ ਸਰ
ਸੰਤੋਖ ਸਰ
ਅੰਮ੍ਰਿਤ ਸਰ

੨੯੨. ਗੁਰਦੁਆਰਾ ਫਤਹਿਗੜ੍ਹ ਸਾਹਿਬ, ਜਿੱਥੇ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜਾਦਿਆਂ ਨੂੰ ਨੀਹਾਂ ਵਿਚ ਚਿਣਿਆ ਗਿਆ ਸੀ, ਕਿਸ ਨੇ ਬਣਵਾਇਆ?

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ।

੨੯੩. ਦਿੱਲੀ ਨਮਿੱਤ ਗੁਰਦੁਆਰੇ ਕਿਸ ਨੇ ਬਣਵਾਏ?

ਦਿੱਲੀ ਦੇ ਪ੍ਰਮੁੱਖ ਗੁਰਦੁਆਰੇ ਚਾਂਦਨੀ ਚੌਂਕ, ਬੰਗਲਾ ਸਾਹਿਬ, ਰਕਾਬਗੰਜ, ਆਦਿ ਸਰਦਾਰ ਬਘੇਲ ਸਿੰਘ ਨੇ ਬਣਵਾਏ।

੨੯੪. ਦਿੱਲੀ ਦਾ ਉਹ ਬਾਜ਼ਾਰ ਜਿਸ ਨੂੰ ਅੱਜ ਵੀ ਤੀਸ ਹਜ਼ਾਰੀ ਕਹਿੰਦੇ ਹਨ, ਕਿਉਂ ਮਸ਼ਹੂਰ ਹੈ?

ਸਰਦਾਰ ਬਘੇਲ ਸਿੰਘ ਨੇ ੩੦,੦੦੦ ਫ਼ੌਜੀ ਜਵਾਨਾਂ ਨਾਲ ਦਿੱਲੀ ਤੇ ਹਮਲਾ ਕੀਤਾ ਅਤੇ ਜਿਸ ਜਗ੍ਹਾ ਤੇ ਫ਼ੌਜ ਨੇ ਡੇਰੇ ਲਾਏ ਉਸ ਨੂੰ ਤੀਸ ਹਜਾਰੀ ਕਿਹਾ ਜਾਂਦਾ ਹੈ।

੨੯੫. ਮਹਾਰਾਜਾ ਰਣਜੀਤ ਸਿੰਘ ਨੂੰ ਸ਼ੇਰ-ਏ-ਪੰਜਾਬ ਕਿਉਂ ਕਿਹਾ ਜਾਂਦਾ ਹੈ?

ਮਹਾਰਾਜਾ ਰਣਜੀਤ ਸਿੰਘ ਇਕ ਬਹਾਦਰ, ਸੂਰਬੀਰ, ਅਤੇ ਦਿਆਨਤ ਦਾਰ ਰਾਜਾ ਸੀ। ਆਪਣੀ ਇਸ ਯੋਗਤਾ ਕਰ ਕੇ ਸਤਲੁਜ ਤੋਂ ਕਾਬੁਲ-ਕੰਧਾਰ ਤਕ ਸਿੱਖ ਰਾਜ ਕਾਇਮ ਕਰਨ ਵਿਚ ਸਫ਼ਲ ਹੋਇਆ। ਇਸੇ ਕਰ ਕੇ ਉਸ ਨੂੰ ਸ਼ੇਰ-ਏ-ਪੰਜਾਬ ਦਾ ਖ਼ਿਤਾਬ ਮਿਲਿਆ।

੨੯੬. ਮਹਾਰਾਜਾ ਰਣਜੀਤ ਸਿੰਘ ਦੀ ਜਿੰਦਗੀ ਵਿਚ ਕਿਸ ਦਾ ਮੁੱਖ ਪ੍ਰਭਾਵ ਸੀ ਜਿਸ ਨੇ ਉਸਨੂੰ ਇੰਨਾ ਮਹਾਨ ਬਣਾਇਆ?

ਮਹਾਰਾਜਾ ਰਣਜੀਤ ਸਿੰਘ ਦੀ ਸੱਸ ਸਦਾ ਕੌਰ ਜੋ ਮਹਾਰਾਣੀ ਮਹਿਤਾਬ ਕੌਰ ਦੀ ਮਾਂ ਸੀ, ਦੇ ਸੁਯੋਗ-ਸਲਾਹ ਕਰ ਕੇ ਮਹਾਰਾਜਾ ਰਣਜੀਤ ਸਿੰਘ ਤਰੱਕੀ ਦੀ ਪੌੜੀ ਚੜ੍ਹਦਾ ਸ਼ਿਖਰ ਤੇ ਜਾ ਪਹੁੰਚਿਆ।

੨੯੭. ਮਹਾਰਾਜਾ ਰਣਜੀਤ ਸਿੰਘ ਦੀਆਂ ਮਹਿਤਾਬ ਕੌਰ ਤੋਂ ਇਲਾਵਾ ਦੋ ਪਤਨੀਆਂ ਦੇ ਨਾਮ ਦੱਸੋ ਜਿਹਨਾਂ ਨੂੰ ਸ਼ਾਹੀ ਘਰਾਣੇ ਵਿਚ ਅੱਜ ਤੱਕ ਜਾਣਿਆ ਜਾਂਦਾ ਹੈ?

ਮਹਾਰਾਣੀ ਰਾਜ ਕੌਰ ਅਤੇ ਮਹਾਰਾਣੀ ਜਿੰਦਾਂ ਕੌਰ।

੨੯੮. ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰਾਂ ਦੇ ਨਾਂ ਦੱਸੋ?


© Sikh Society of Michigan, MI, USA

ਸ਼ੇਰ ਸਿੰਘ ਅਤੇ ਤਾਰਾ ਸਿੰਘ, ਮਹਿਤਾਬ ਕੌਰ ਤੋਂ; ਖੜਕ ਸਿੰਘ, ਰਾਜ ਕੌਰ ਤੋਂ; ਦਲੀਪ ਸਿੰਘ, ਜਿੰਦਾਂ ਕੌਰ ਤੋਂ।

੨੯੯. ਮਹਾਰਾਜਾ ਰਣਜੀਤ ਸਿੰਘ ਨੂੰ ਕੋਹਿਨੂਰ ਹੀਰਾ ਕਿਸ ਨੇ ਭੇਂਟ ਕੀਤਾ?

ਕਾਬੁਲ ਦੇ ਰਾਜੇ ਸ਼ਾਹ ਸੁਜ਼ਾਤ ਦੀ ਰਾਣੀ ਨੇ ਕੋਹਿਨੂਰ ਹੀਰਾ ਮਹਾਰਾਜਾ ਰਣਜੀਤ ਸਿੰਘ ਨੂੰ ਉਦੋਂ ਭੇਂਟ ਕੀਤਾ ਜਦੋਂ ਉਸਨੇ ਰਾਣੀ ਨੂੰ ਕਸ਼ਮੀਰ ਦੇ ਰਾਜੇ ਦੀ ਕੈਦ ਵਿਚੋਂ ਛੁਡਵਾਇਆ।

 © Sikh Society of Michigan, MI, USA

## Guru Chart

| # | Name of Guru | D.O.B & Place | Gur-Gaddi | Joti Jot | Parents | Siblings | Wife | Children |
|---|---|---|---|---|---|---|---|---|
| 1 | Guru Nanak Dev Ji | April 15, 1469 Talwandi, Pakistan | April 15, 1469 | May 7, 1539 Kartarpur, Punjab | Mehta Kalu Ji Mata Tripta Ji | Bebe Nanaki | Mata Sulakhni Ji | Siri Chand Lakhmi Das |
| 2 | Guru Angad Dev Ji | March 31, 1504 Mate Ki Saranh, Ferozpur | May 7, 1539 | March 29, 1552 Khadoor Sahib, Punjab | Bhai Pheru Ji Mata Daya Kaur Ji | - | Mata Khivi Ji | Baba Dassu Baba Dattu Bibi Amro Bibi Anokhi |
| 3 | Guru Amar Das Ji | May 5, 1479 Basarke, Amritsar | March 29, 1552 | August 30, 1574 Goindwal Sahib, Punjab | Bhai Tej Bhan Ji Mata Lakhmi Ji | Isherdas Dataar Chand | Bibi Mansa Devi Ji | Baba Mohan Baba Mohri Bibi Dhani Bibi Bhani |
| 4 | Guru Ram Das Ji | September 24, 1534 Chuna Mandi, Lahore | August 30, 1574 | September 1, 1581 Goindwal Sahib, Punjab | Bhai Hari Das Ji Bibi Anup Kaur Ji | - | Bibi Bhani Ji | Prithi Chand Mahadeo Guru Arjan Dev |
| 5 | Guru Arjan Dev Ji | April 15, 1563 Govindwal, Amritsar | September 1, 1581 | May 30, 1606 Lahore, Pakistan | Guru Ram Das ji Bibi Bhani Ji | Prithi Chand Mahadeo | Mata Ganga Ji | Guru Hargobind Ji |
| 6 | Guru Hargobind Ji | June 14, 1595 Guru Ki Vadali, Amritsar | May 30, 1606 | March 3, 1644 Kiratpur Sahib, Punjab | Guru Arjan Dev ji Mata Ganga Ji | - | Bibi Nanaki Ji | Baba Gurditta Baba Suraj Mal Baba Ani Rai Baba Atal Rai Guru Tegh Bahadur Ji Bibi Viro |
| 7 | Guru Har Rai Ji | January 16, 1630 Kiratpur, Ropar | March 8, 1644 | October 6, 1661 Kiratpur Sahib, Punjab | Baba Gurditta Ji Bibi Nihal Kaur Ji | - | Bibi Krishan Kaur Ji | Ram Rai Guru Harkrishan Ji |
| 8 | Guru Harkrishan Ji | January 7, 1656 Kiratpur, Ropar | October 6, 1661 | March 30, 1664 Delhi, India | Guru Harrai Ji Bibi Krishan Kaur Ji | Ram Rai | - | - |
| 9 | Guru Tegh Bahadur Ji | April 1, 1621 Amritsar | March 20, 1665 | November 11, 1675 Delhi, India | Guru Hargobind Ji Bibi Nanaki Ji | Gurditta Ji Suraj Mali Ani Rai Atal Rai Bibi Viroi | Mata Gujri Ji | Guru Gobind Singh Ji |
| 10 | Guru Gobind Singh Ji | January 5, 1666 Patna Sahib | November 11, 1675 | October 7, 1708 Hazur Sahib, Maharashtra | Guru Tegh Bahadur Ji Mata Gujri Ji | - | Mata Sundar Kaur Ji | Ajit Singh Ji Jujhar Singh Ji Jorawar Singh Ji Fateh Singh Ji |
| 11 | Guru Granth Sahib Ji | 1604 Harmandar Sahib, Amritsar (1st Prakash) | October 3, 1708 | - | - | - | - | - |


© Sikh Society of Michigan, MI, USA